ਮਾਸਕ ੴ ਪੱਤਰ


ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

੧੧੧ ਵੀਂ
ਜਨਮ
ਸ਼ਤਾਬਦੀ
ਨਾਰਗਵਾਲ
ਵਿਖੇ
6 ਤੋਂ 9
ਜੁਲਾਈ

☬



ਭਾਈ
ਸਾਹਿਬ
ਭਾਈ
ਰਣਧੀਰ
ਸਿੰਘ
ਜੀ

☬

JULY
1989

ਜੁਲਾਈ
੧੯੮੯

www.AKJ.Org

# ਤਤਕਰਾ


| | | |
|---|---|---|
| ਗੁਰਬਾਣੀ ਦੀ ਪਾਰਸ-ਕਲਾ | ੩ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਮੇਰੀ ਪਹਿਲੀ ਮਿਲਣੀ | ੪ | ਕਰਨਲ ਪਿਆਰਾ ਸਿੰਘ ਜੀ |
| ਰਾਜਸੀ ਪਾਲਿਟੈਕਸ ਤੇ ਗੁਰਮਤਿ ਧਰਮ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਚਰਨ ਕਮਲ ਕੀ ਮਉਜ (੩) | ੭ | ,, ,, ,, |
| ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਤਰੀਕਵਾਰ ਜੀਵਨ | ੧੩ | – – – |
| ਭਾਈ ਹੀਰਾ ਸਿੰਘ ਚਰੜ ਤੇ ਸੋਨਾ ਬਣਾਉਣ ਦੀ ਅਜੀਬ ਕਥਾ | ੧੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਭਾ: ਸਾ: ਭਾਈ ਰਣਧੀਰ ਸਿੰਘ ਜੀ ਦੀ ਪੰਥ ਨੂੰ ਦੇਣ | ੧੮ | – – – |
| ਨਾਨਕ ਨਾਮ ਚੜ੍ਹਦੀ ਕਲਾ | ੧੯ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਜਪ-ਜੋਗ ਤੇ ਗੁਰਮਤਿ | ੨੨ | ਸੂਬੇਦਾਰ-ਧਰਮ ਸਿੰਘ ਜੀ |
| ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਸੰਖੇਪ ਜੀਵਨ | ੨੬ | ਪ੍ਰੋਫੈਸਰ ਸਾਹਿਬ ਸਿੰਘ ਜੀ |
| ਕਿਆ ਪੜ੍ਹੀਐ ? | ੨੮ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਕਿਰਦਾਰ ਦੇ ਗਾਜ਼ੀ ਬਣੋ | ੩੧ | ਗਿਆਨੀ ਹਰਜੀਤ ਸਿੰਘ ਜੀ |
| ਅੰਮ੍ਰਿਤਸਰੁ ਸਿਫਤੀ ਦਾ ਘਰੁ | ੩੨ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਸ੍ਰੀ ਹਰਿਕ੍ਰਿਸ਼ਨ ਧਿਆਈਐ (ਕਵਿਤਾ) | ੩੫ | ਸ: ਅਤਰ ਸਿੰਘ ਜੀ ਨੀਰ |
| ਮੌਤ ਰਾਣੀ ਤੇ ਸਿੰਘ ਦਾ ਬੱਚਾ (ਕਾਵਿ-ਚਮਤਕਾਰ) | ੩੬ | ਪ੍ਰਿੰਸੀਪਲ ਸਜਣ ਸਿੰਘ ਜੀ |
| ਅੰਮ੍ਰਿਤਸਰ ਦੀ ਪ੍ਰਤਿਭਾ ਤੇ ਮਹਾਨਤਾ | ੩੭ | ਸ: ਕਿਰਪਾਲ ਸਿੰਘ ਜੀ |
| ਨਿਸ਼ਕਾਮ ਸੇਵਾ | ੩੮ | ਡਾ: ਗੋਬਿੰਦ ਸਿੰਘ ਮਨਸੁਖਾਣੀ |


ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਵਤਾਰ ਦਿਵਸ — ੨੬ ਜੁਲਾਈ

## ਸ੍ਰੀ ਸੁਖਮਨੀ ਸਾਹਿਬ ਪ੍ਰੀਖਿਆ ਬਾਰੇ ਸੂਚਨਾ

ਇੰਟਰਨੈਸ਼ਨਲ ਗੁਰਬਾਣੀ ਥਰੈਪੀ ਟ੍ਰਸਟ ਅੰਮ੍ਰਿਤਸਰ ਵਲੋਂ 27-8-89 ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਪ੍ਰੀਖਿਆ ਹੋ ਰਹੀ ਹੈ, ਜਿਸ ਦੇ ਕੁਲ ਇਨਾਮ 3100/- ਦੇ ਹਨ। ਇਸ ਦੇ ਸੈਂਟਰ ਚੰਡੀਗੜ੍ਹ ਅਤੇ ਅੰਮ੍ਰਿਤਸਰ ਹਨ। ਇਸ ਪ੍ਰੀਖਿਆ ਸੰਬੰਧੀ ਪ੍ਰੀਖਿਆਰਥੀਆਂ ਦੀ ਅਗਵਾਈ ਲਈ ਮਾਡਲ ਪ੍ਰਸ਼ਨ-ਪੱਤਰ (ਉਤਰਾਂ ਸਹਿਤ) ਛਾਪੇ ਗਏ ਹਨ, ਜੋ ਹੇਠਾਂ ਦਿਤੇ ਪਤੇ ਤੋਂ ਮੰਗਵਾਏ ਜਾ ਸਕਦੇ ਹਨ।

ਡਾਕਟਰ ਹਰਚਰਨ ਸਿੰਘ, 20-ਡਾਕਟਰਜ਼ ਐਵਿਨਿਊ, ਮਜੀਠਾ ਰੋਡ, ਅੰਮ੍ਰਿਤਸਰ

## ਸੂਰਾ ਮਾਸਕ ਪਤਰ ਨੂੰ ਪੁੱਜੀ ਸਹਾਇਤਾ

| | | |
|---|---|---|
| Fl. Lt. ਏ. ਐਸ. ਜੱਸਲ C/o 56 A.P.O. | ਸੂਰਾ ਦੀ ਚੜ੍ਹਦੀ ਕਲਾ ਲਈ | 200—00 |
| ਸ. ਪਰਮਜੀਤ ਸਿੰਘ, ਸੰਕਰ | ,, ,, ,, | 101—00 |
| ਸ. ਅਮਰਜੀਤ ਸਿੰਘ, ਗੁਮਟਾਲਾ | ,, ,, ,, | 11—00 |
| ਸ. ਮਨਮੋਹਨ ਸਿੰਘ, ਮੁਹਾਲੀ | ,, ,, ,, | 251—00 |
| ਸ. ਸੁਖਮੰਦਰ ਸਿੰਘ, ਦਬੜੀਖਾਨਾ | ,, ,, ,, | 25—00 |
| ਸ ਨਿਰਮਲ ਸਿੰਘ, ਮੁਹਾਲੀ | ,, ,, ,, | 201—00 |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੭-੮੯ ਨੂੰ ਪ੍ਰਕਾਸ਼ਤ ਕੀਤਾ।

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ — ਸ੍ਰੀ ਅੰਮ੍ਰਿਤਸਰ — ਪੱਤਰ

ਸਾਲਾਨਾ ਚੰਦਾ

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

Foreign Subscription

| | |
|---|---|
| Sea Mail | 40-00 |
| Air Mail | 100-00 |

ਅਮਾਨਤੀ
ਲਾਈਫ ਮੈਂਬਰ

| | |
|---|---|
| ਦੇਸ | ੧੫੦-੦੦ |

ਪਰਦੇਸ (ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਜੁਲਾਈ ੧੯੯੯ ਅੰਕ ੭


## ਗੁਰਬਾਣੀ ਦੀ ਪਾਰਸ-ਕਲਾ

ਪੁਰਾਤਨ ਸਮੇਂ ਵਿਚ ਸਾਡੇ ਬਜ਼ੁਰਗਾਂ ਨੇ ਜੋ ਸੁਨਹਿਰੀ ਕਾਰਨਾਮੇ ਕਰ ਕੇ ਸੰਸਾਰ ਵਿਚ ਆਪਣਾ ਨਾਮ ਪੈਦਾ ਕੀਤਾ, ਉਹ ਸਾਰੇ ਸ਼ਰਧਾ-ਪ੍ਰੇਮ ਨਾਲ ਗੁਰਬਾਣੀ ਦੇ ਪਠਨ-ਪਾਠਨ ਦੀ ਤੁਫ਼ੈਲ ਹੀ ਸਨ।

ਅੱਜ ਜੇਕਰ ਪਹਿਲੇ ਵਾਂਗ ਗੁਰਬਾਣੀ ਦੀ ਪਾਰਸ-ਕਲਾ ਨਹੀਂ ਵਰਤ ਰਹੀ ਤਾਂ ਇਸ ਦਾ ਕਾਰਨ ਸਾਡੇ ਆਪਣੇ ਵਿਚ ਸ਼ਰਧਾ ਤੇ ਪ੍ਰੇਮ ਦੀ ਘਾਟ ਹੈ। ਅੱਜ ਵੀ ਜਿਥੇ ਸ਼ਰਧਾ-ਪ੍ਰੇਮ ਨਾਲ, ਨਿਸ਼ਕਾਮ ਭਾਵਨਾ ਅਧੀਨ, ਨਾਮ ਬਾਣੀ ਦਾ ਪਾਠ ਅਥਵਾ ਕੀਰਤਨ ਕੀਤਾ ਜਾਂਦਾ ਹੈ, ਉਥੇ ਗੁਰੂ ਬਾਬੇ ਦੀ ਕਰਾਮਾਤ ਵਰਤਦੀ ਹੈ।

ਗੁਰਬਾਣੀ ਦੇ ਅਣੀਆਲੇ ਤੀਰਾਂ ਦੇ ਵਿੰਨ੍ਹੇ ਹੋਏ ਜਗਿਆਸੂ ਹੋਛੇ ਚਸਕਿਆਂ ਨੂੰ, ਲੱਤ ਮਾਰ ਕੇ, ਨਾਮ ਬਾਣੀ ਦੇ ਅਮਿਓ-ਰਸ ਵਿਚ ਅਜਿਹੇ ਨਿਮਗਨ ਹੋ ਜਾਂਦੇ ਹਨ ਕਿ ਉਹਨਾਂ ਦੀ ਗਲਤਾਨ-ਹਾਲ ਅਤੇ ਵਿਗਾਸ-ਮਈ ਦਸ਼ਾ ਨੂੰ ਪੇਖ ਪੇਖ ਹੋਰ ਜਗਿਆਸੂਆਂ ਵਿਚ ਗੁਰਮਤਿ ਕਮਾਉਣ ਦਾ ਉਮਾਹ ਉਛਾਲੇ ਮਾਰ ਉਠਦਾ ਹੈ।

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ




www.AKJ.Org

# ਮੇਰੀ ਪਹਿਲੀ ਮਿਲਣੀ

ਕਰਨਲ ਪਿਆਰਾ ਸਿੰਘ ਜੀ ਦੀ ਜ਼ਬਾਨੀ
ਭਾਈ ਮਨਮੋਹਨ ਸਿੰਘ ਜੀ ਐਮ. ਐਸ-ਸੀ, ਜੈਪੁਰ ਦੀ ਕਲਮ ਤੋਂ

ਇਸ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਛੋਟੇ ਸਾਹਿਬ-ਜ਼ਾਦਿਆਂ ਦੇ ਸ਼ਹੀਦੀ ਪੁਰਬ ਸਮੇਂ, ਸ਼ਹੀਦੀ ਅਸਥਾਨ ਗੁਰਦੁਆਰਾ ਸ੍ਰੀ ਫ਼ਤਹਗੜ੍ਹ ਸਾਹਿਬ ਵਿਖੇ ਭਾਰੀ ਜੋੜ-ਮੇਲਾ ਸੀ। ਰਿਆਸਤੀ ਕਰਮਚਾਰੀ ਤੇ ਅੰਗਰੇਜ਼ੀ ਹਕੂਮਤ ਦੇ ਅਫ਼ਸਰ ਸਰਕਾਰੀ ਤੌਰ ਤੇ ਪ੍ਰਬੰਧ ਕਰ ਰਹੇ ਸਨ। ਇਸ ਜੋੜ-ਮੇਲੇ ਦਾ ਪ੍ਰਬੰਧ ਰਿਆਸਤ ਦੇ ਮਹਾਰਾਜਾ ਜੀ ਦੀ ਸਰਕਰਦਗੀ ਵਿਚ ਹੋਇਆ ਕਰਦਾ ਸੀ। ਬੜਾ ਭਾਰੀ ਇਕੱਠ ਸੀ। ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਦੀਵਾਨ-ਅਸਥਾਨ ਵਾਲੇ ਪੰਡਾਲ ਵਿਚ ਸੋਭ ਰਹੀਆਂ ਸਨ। ਮਹਾਰਾਜਾ ਪਟਿਆਲਾ ਤੇ ਹੋਰ ਬਹੁਤ ਸਾਰੇ ਛੋਟੇ ਵਡੇ ਕਰਮਕਾਰੀ ਮੌਜੂਦ ਸਨ। ਮੈਂ ਆਪਣੇ ਪੰਜ ਛੇ ਫ਼ੌਜੀ ਸਾਥੀਆਂ ਸਮੇਤ ਉਸ ਜੋੜ-ਮੇਲੇ ਦੇ ਦਰਸ਼ਨਾਂ ਲਈ ਪੁਜਾ ਹੋਇਆ ਸੀ।

ਸਵੇਰ ਦਾ ਵੇਲਾ ਸੀ। ਦੀਵਾਨ-ਅਸਥਾਨ ਵਿਚ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਪੰਥ ਦਾ ਇਕ ਉਘਾ ਰਾਗੀ ਜਥਾ ਕਰ ਰਿਹਾ ਸੀ। ਸੰਗਤਾਂ ਕੀਰਤਨ ਦਾ ਅਨੰਦ ਲੈ ਰਹੀਆਂ ਸਨ। ਸਾਨੂੰ ਪੁਜਦਿਆਂ ਨੂੰ ਇਹ ਖਿਆਲ ਆਇਆ ਕਿ ਦੀਵਾਨ ਵਿਚ ਬੈਠਣ ਤੋਂ ਪਹਿਲੇ ਮਾਤਾ ਜੀ ਦੇ ਬੁਰਜ ਵਿਚ ਜਾ ਕੇ ਯਾਤਰਾ ਕਰ ਆਈਏ ਤੇ ਫਿਰ ਨਿਸਚਿੰਤ ਹੋ ਕੇ ਸਾਰੇ ਪ੍ਰੋਗਰਾਮ ਦੇ ਲਾਹੇ ਲਈਏ। ਇਸ-ਖਿਆਲ ਨਾਲ ਅਸੀਂ ਸਾਰੇ ਫ਼ੌਜੀ-ਸਾਥੀ ਬੁਰਜ ਵਲ ਨੂੰ ਚਲੇ ਗਏ। ਦਰਵਾਜ਼ੇ ਵਿਚ ਦਾਖ਼ਲ ਹੁੰਦਿਆਂ ਹੀ ਇਕ ਅਸਚਰਜ ਨਜ਼ਾਰਾ ਦੇਖਿਆ—

ਖਾਲਸਈ ਬਸਤਰ-ਸ਼ਸਤਰ-ਧਾਰੀ ਇਕ ਨੌਜਵਾਨ ਇਕੱਲਾ ਹੀ ਸਮਾਧੀ ਲਾਈ ਬੈਠਾ ਹੈ। ਹਾਰਮੋਨੀਅਮ ਨਾਲ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਕਰਨ ਵਿਚ ਉਸਦੀ ਬਿਰਤੀ ਇਸ ਤਰ੍ਹਾਂ ਲਗੀ ਹੋਈ ਹੈ ਜਿਵੇਂ ਕਿਸੇ ਸਮਾਧੀ ਵਿਚ ਹੋਣ ਦੀ ਦਸ਼ਾ ਹੋਵੇ। ਅੱਖਾਂ ਬੰਦ ਹਨ। ਬੜੇ ਪ੍ਰੇਮ-ਸ਼ਰਧਾ ਨਾਲ ਕਿਸੇ ਮਸਤੀ ਵਿਚ ਕੀਰਤਨ ਕਰ ਰਿਹਾ ਹੈ। ਉਸ ਵੇਲੇ ਆਸਾ ਦੀ ਵਾਰ ਦਾ ਭੋਗ ਪੈਣ ਵਾਲਾ ਹੀ ਸੀ। ਉਸ ਦਾ ਅਦੁੱਤੀ ਪ੍ਰੇਮ ਵੇਖ ਕੇ ਤੇ ਅਲੌਕਿਕ ਕੀਰਤਨ ਸੁਣ ਕੇ ਸਾਡੇ ਤੇ ਐਸਾ ਪ੍ਰਭਾਵ ਪਿਆ ਕਿ ਅਸੀਂ ਭੀ ਉਥੇ ਹੀ ਉਸ ਦੇ ਪਿਛੇ ਬੈਠ ਗਏ। ਛੇਤੀ ਹੀ ਭੋਗ ਪੈ ਗਿਆ ਤੇ ਉਸੇ ਮਸਤੀ ਵਿਚ ਅਧ-ਮੀਟੀਆਂ ਅਖਾਂ ਨਾਲ ਉਹ ਯੁਵਕ ਉਠ ਕੇ ਅਰਦਾਸਾ ਸੋਧਣ ਲਈ ਸਾਵਧਾਨ ਹੋਇਆ। ਅਸੀਂ ਵੀ ਖੜੇ ਹੋ ਕੇ ਅਰਦਾਸ ਵਿਚ ਸ਼ਾਮਲ ਹੋ ਗਏ। ਪਰ ਉਸ ਨੂੰ ਸ਼ਾਇਦ ਉਥੇ ਸਾਡੀ ਹੋਂਦ ਦਾ ਪਤਾ ਨਹੀਂ ਸੀ। ਕਿਸੇ ਖ਼ਾਸ ਰੰਗ ਅਤੇ ਸ਼ਰਧਾ ਵਿਚ ਅਰਦਾਸਾ ਹੋਇਆ। ਉਸ ਨਜ਼ਾਰੇ ਅਤੇ ਅਤਿ ਸ਼ਰਧਾ-ਪ੍ਰੇਮ ਭਰੇ ਉਸ ਯੁਵਕ ਦੇ ਚੇਹਰੇ ਦਾ ਹੁਣ ਵੀ ਜਦ ਖਿਆਲ ਕਰਦਾ ਹਾਂ ਤਾਂ ਹਿਰਦਾ ਦ੍ਰਵ ਜਾਂਦਾ ਹੈ। ਅਸੀਂ ਵੀ ਪੰਜ ਛੇ ਸਾਥੀ ਉਸ ਅਰਦਾਸੇ ਨਾਲ ਰਲ ਕੇ, ਅਰਦਾਸ-ਰੂਪ ਹੋ ਰਹੇ ਸਾਂ ਕਿ ਉਸ ਦੇ ਮੂੰਹੋਂ ਨਿਕਲੇ ਕੁਝ ਏਸ ਤਰ੍ਹਾਂ ਦੇ ਅਖਰਾਂ ਨੇ ਸਾਨੂੰ ਚੌਂਕਾ ਦਿਤਾ—

"ਹੇ ਖਾਲਸਾ ਪੰਥ ਦੇ ਮਾਲੀ ਦਸਮੇਸ਼ ਪਿਤਾ ਜੀ, ਇਸ ਪਵਿਤਰ ਅਸਥਾਨ ਤੇ ਆਪ ਜੀ ਨੇ ਇਸ ਦਾਸ ਦੇ ਦੋ ਭਰਾਵਾਂ ਦੀ ਸ਼ਹੀਦੀ ਕਬੂਲੀ ਸੀ। ਪਿਆਰੇ ਪਿਆਰੇ ਸਾਹਿਬਜ਼ਾਦਿਆਂ ਨੂੰ ਛੋਟੀ ਜਿਹੀ ਬਰੇਸ ਵਿਚ ਇਹ ਸ਼ਹੀਦੀ ਜਾਮ ਪੀਣ ਦਾ ਸੁਭਾਗ ਬਖ਼ਸ਼ਿਆ ਸੀ। ਅੱਜ ਇਸ ਪਵਿਤਰ ਅਸਥਾਨ ਤੇ ਉਹਨਾਂ ਦਾ ਇਹ ਛੋਟਾ ਵੀਰ ਵੀ, ਆਪ ਜੀ ਪਾਸੋਂ ਸ਼ਹੀਦੀ ਦੀ ਮੰਗ ਮੰਗਣ ਲਈ ਹਾਜ਼ਰ ਹੋਇਆ ਹੈ। ਜੋ ਕੁਝ ਇਸ ਅਸਥਾਨ ਤੇ ਹੋ ਰਿਹਾ ਹੈ, ਉਹ ਦਾਸ ਬਰਦਾਸ਼ਤ ਕਰਨ ਤੋਂ ਅਸਮਰੱਥ ਹੈ। ਦੁਨਿਆਵੀ ਐਸ਼ਵਰਜ ਤੇ ਰਾਜਸੀ ਤਾਕਤ ਵਾਲੇ ਮਹਾਰਾਜੇ ਤੇ ਅੰਗਰੇਜ਼ੀ ਹਕੂਮਤ ਦੇ ਕਰਮਚਾਰੀਆਂ ਨਾਲ ਟਾਕਰਾ ਹੈ। ਮੈਨੂੰ ਆਸ ਨਹੀਂ ਕਿ ਦਾਸ ਦੀ ਮੰਗ ਵਲ ਗਹੁ ਕਰਨ। ਤੇ ਇਸੇ ਲਈ ਅਰਦਾਸ ਹੈ ਪਿਤਾ ਜੀ, ਕਿ ਜਾਨ ਜਾਏ ਤਾਂ ਜਾਏ, ਪਰ ਇਸ ਪਾਵਨ ਅਸਥਾਨ ਦੀ ਹੋ ਰਹੀ ਬੇਅਦਬੀ ਨਾ ਹੋਵੇ। ਇਸ ਕਾਰਜ ਲਈ ਸ਼ਹੀਦੀ ਦੀ ਯਾਚਨਾ ਕਰਨ ਲਈ



www.AKJ.Org

ਹਾਜ਼ਰ ਹੋਇਆ ਹਾਂ।''
ਕੁਝ ਇਸ ਤਰ੍ਹਾਂ ਦੇ ਭਾਵ ਵਾਲੇ ਅੱਖਰਾਂ ਵਿਚ, ਪਰ ਕਿਸੇ ਖ਼ਾਸ ਰੰਗ ਤੇ ਦ੍ਰਿੜ੍ਹਤਾ ਵਿਚ ਅਰਦਾਸ ਹੋਈ। ਸਮਾਪਤੀ ਤੇ ਸਾਰਿਆਂ ਨੇ ਮੱਥਾ ਟੇਕਿਆ।

ਉਸ ਸਿੰਘ (ਭਾਈ ਸਾਹਿਬ ਰਣਧੀਰ ਸਿੰਘ ਜੀ) ਨੂੰ ਮੁੜਨ ਲਗਿਆਂ ਅਸਾਂ ਫ਼ਤਹ ਗਜਾਈ। ਉਸ ਨੇ ਅਧ-ਮੀਟੀਆਂ ਮਸਤ ਅੱਖਾਂ ਨਾਲ ਫ਼ਤਹ ਦਾ ਉੱਤਰ ਦੇ ਦਿਤਾ, ਪਰ ਸਾਡੀ ਹੋਂਦ ਵਲੋਂ ਬਿਲਕੁਲ ਬੇਪਰਵਾਹ, ਉਹ ਦੀਵਾਨ-ਅਸਥਾਨ ਵਲ ਨੂੰ ਧਾਈ ਕਰ ਕੇ ਚਲਾ ਗਿਆ। ਅਸਾਂ ਇਹ ਤਾੜ ਲਿਆ ਕਿ ਇਸ ਦੀ ਅਰਦਾਸ ਦਾ ਸੰਬੰਧ ਇਸੇ ਦੀਵਾਨ ਨਾਲ ਹੈ, ਤੇ ਜ਼ਰੂਰ ਕੁਝ ਨਾ ਕੁਝ ਵਾਪਰਨ ਵਾਲਾ ਹੈ।

ਅਸੀਂ ਆਪਸ ਵਿਚ ਇਸ ਸਿੰਘ ਦੀ ਸਹਾਇਤਾ ਦਾ ਮਤਾ ਪਕਾ ਕੇ ਉਸ ਦੇ ਪਿਛੇ ਚਲੇ ਗਏ, ਇਹ ਸੋਚ ਕੇ ਕਿ ਸ਼ਾਇਦ ਇਸ ਨੇ ਦੀਵਾਨ ਵਿਚ ਜਾ ਕੇ ਕੋਈ ਐਸੀ ਗੱਲ ਕਰਨੀ ਹੋਵੇ, ਜਿਸ ਤੋਂ ਪ੍ਰਬੰਧਕ ਰੋਕਣ। ਅਸਾਂ ਫ਼ੌਜੀ ਢੰਗ ਨਾਲ ਇਹ ਵਿਉਂਤ ਬਣਾਈ ਤੇ ਸਾਰੇ ਜਣੇ ਦੀਵਾਨ ਦੇ ਸਾਰਿਆਂ ਪਾਸਿਆਂ ਵਲ ਖਿੰਡ ਗਏ, ਤਾਂਕਿ ਹਰ ਪਾਸੇ ਤੋਂ ਉਸ ਸਿੰਘ ਦੀ ਗੱਲ ਸੁਣਨ ਦੀ ਮੰਗ ਆਵਾਜ਼ਾਂ ਰਾਹੀਂ ਉਠਾਈ ਜਾਵੇ। ਇਵੇਂ ਹੀ ਹੋਇਆ।

ਸ਼ਸਤਰ-ਧਾਰੀ ਸਿੰਘ ਜਦ ਗੁਰੂ ਮਹਾਰਾਜ ਦੇ ਸਨਮੁਖ ਮੱਥਾ ਟੇਕ ਕੇ ਉਠੇ ਤਾਂ ਵਾਪਸ ਮੁੜ ਕੇ ਕਿਤੇ ਬੈਠਣ ਦੀ ਥਾਂ, ਉਹ ਉਥੇ ਹੀ ਖੜੇ ਹੋ ਗਏ। ਆਪਣੇ ਦੋਹਾਂ ਹੱਥਾਂ ਵਿਚ ਪਾਏ ਮੋਟੇ ਮੋਟੇ ਕੜਿਆਂ ਨੂੰ ਖੜਕਾ ਕੇ, ਕਿਸੇ ਗੁਰ-ਸ਼ਬਦ ਦਾ ਕੀਰਤਨ ਬਹੁਤ ਉਚੀ ਧੁਨੀ ਵਿਚ ਅਰੰਭ ਕਰ ਦਿਤਾ। ਆਸਾ ਦੀ ਵਾਰ ਦੇ ਪਹਿਲੋਂ ਹੋ ਰਹੇ ਕੀਰਤਨ ਵਿਚ ਵਿਘਨ ਪੈ ਗਿਆ। ਖਲਬਲੀ ਜਿਹੀ ਮਚ ਗਈ। ਪ੍ਰਬੰਧਕਾਂ ਵਲੋਂ ਉਚੀ ਉਚੀ ਉਸ ਸਿੰਘ ਨੂੰ ਬੈਠਣ ਅਤੇ ਚੁਪ ਕਰਨ ਦੇ ਹੁਕਮ ਹੋਣ ਲਗੇ। ਪਰ ਉਥੇ ਕੌਣ ਸੁਣਦਾ ਸੀ। ਅੱਖੀਆਂ ਬੰਦ, ਗੁਰੂ ਸਾਹਿਬ ਦੇ ਸਨਮੁਖ, ਉਹ ਸਿੰਘ ਹਰ ਟੋਕਾ-ਟੋਕਾ ਤੋਂ ਬੇਪਰਵਾਹ ਕੀਰਤਨ ਕਰੀ ਗਿਆ। ਐਨੀ ਉਚੀ ਗੂੰਜਵੀਂ ਅਵਾਜ਼ ਸੀ ਕਿ ਰਾਗੀ ਸਿੰਘਾਂ ਨੂੰ ਕੀਰਤਨ ਬੰਦ ਕਰਨਾ ਪਿਆ।

ਜਦ ਪ੍ਰਬੰਧਕ ਉਸ ਨੂੰ ਰੋਕਣ ਲਈ ਸ਼ੋਰ ਮਚਾਣ ਉਪਰੰਤ ਹਟਾਣ ਲਈ ਅਗੇ ਵਧੇ ਤਾਂ ਅਸੀਂ ਸਾਰਿਆਂ ਪਾਸਿਆਂ ਤੋਂ ਅਵਾਜ਼ਾਂ ਦੇਣੀਆਂ ਸ਼ੁਰੂ ਕਰ ਦਿਤੀਆਂ ਕਿ ਇਸ ਸਿੰਘ ਨੂੰ ਪੁਛਿਆ ਜਾਵੇ ਕਿ ਇਹ ਕੀ ਚਾਹੁੰਦਾ ਹੈ, ਅਤੇ ਇਸ ਦੀ ਗੱਲ ਸਾਰੀ ਸੰਗਤ ਵਿਚ ਸੁਣੀ ਜਾਵੇ। ਸਾਡੀਆਂ ਅਵਾਜ਼ਾਂ ਨਾਲ ਹੋਰ ਕਈ ਅਵਾਜ਼ਾਂ ਰਲ ਗਈਆਂ, ਤੇ ਇਹ ਮੰਗ ਸਾਰੀ ਸੰਗਤ ਦੀ ਮੰਗ ਬਣ ਗਈ। ਪ੍ਰਬੰਧਕ ਝਿਜਕਦੇ ਸਨ, ਪਰ ਮਜਬੂਰ ਹੋ ਕੇ ਉਨ੍ਹਾਂ ਨੇ ਸਿੰਘਾਂ ਨੂੰ ਗੱਲ ਦਸਣ ਲਈ ਪੁਛਿਆ ਕਿ ਉਸ ਦਾ ਅਸਲ ਮੰਤਵ ਕੀ ਹੈ ? ਸਿੰਘ ਜੀ ਸਟੇਜ ਤੇ ਆ ਗਏ ਤੇ ਖੜੇ ਹੋ ਕੇ ਕੁਝ ਇਸ ਤਰ੍ਹਾਂ ਨਾਲ ਬੜੇ ਜੋਸ਼ ਵਿਚ ਕਿਹਾ–

''ਸਾਧ ਸੰਗਤ ਜੀ, ਦਾਸ ਨੂੰ ਖੇਦ ਹੈ ਕਿ ਸ੍ਰੀ ਆਸਾ ਦੀ ਵਾਰ ਦੇ ਪਵਿਤਰ ਕੀਰਤਨ ਨਾਲੋਂ ਆਪ ਦੀਆਂ ਬਿਰਤੀਆਂ ਨੂੰ ਤੋੜਨ ਦਾ ਅਪਰਾਧੀ ਬਣਿਆ ਹਾਂ। ਇਸ ਅਪਰਾਧ ਦੀ ਹੱਥ ਜੋੜ ਕੇ ਖਿਮਾਂ ਮੰਗਦਾ ਹੋਇਆ ਬੇਨਤੀ ਕਰਦਾ ਹਾਂ ਕਿ ਇਹ ਅਪਰਾਧ ਮੈਂ ਕਿਸੇ ਖ਼ਾਸ ਮਜਬੂਰੀ ਵਿਚ ਕੀਤਾ ਹੈ। ਇਹ ਕਦਮ ਚੁਕਣ ਤੋਂ ਪਹਿਲਾਂ ਦਾਸ ਪ੍ਰਬੰਧਕ ਕਰਮਚਾਰੀਆਂ ਨਾਲ ਚਾਰਾਜੋਈ ਕਰ ਚੁਕਾ ਹੈ, ਪਰ ਉਹਨਾਂ ਨੇ ਦਾਸ ਦੀ ਬੇਨਤੀ ਵਲ ਗਹੁ ਨਹੀਂ ਕੀਤਾ, ਪਰਵਾਹ ਹੀ ਨਹੀਂ ਕੀਤੀ ਤੇ ਸੁਣੀ ਅਣਸੁਣੀ ਕਰ ਕੇ ਟਾਲ ਦਿਤਾ। ਇਸ ਪਵਿਤਰ ਅਸਥਾਨ ਤੇ ਦਸਮੇਸ਼ ਪਿਤਾ ਜੀ ਦੇ ਲਾਡਲੇ ਸਾਹਿਬਜ਼ਾਦਿਆਂ ਦਾ ਪਵਿਤਰ ਸ਼ਹੀਦੀ ਖ਼ੂਨ ਡੁਲ੍ਹਿਆ ਹੈ। ਇਥੇ ਜਗਤ-ਮਾਤਾ, ਮਾਤਾ ਗੁਜਰੀ ਜੀ ਧਰਮ ਤੋਂ ਨਿਛਾਵਰ ਹੋਏ ਹਨ। ਗੁਰਬਾਣੀ, ਧੁਰ ਕੀ ਬਾਣੀ, ਮਹਾਂ ਬਾਣੀ, ਬਾਣੀਆਂ ਸਿਰ ਬਾਣੀ ਹੈ। ਐਸੇ ਪਵਿਤਰ ਅਸਥਾਨ ਤੇ ਐਸੀ ਪਵਿਪਰ ਬਾਣੀ ਦਾ ਕੀਰਤਨ, ਫਿਰ ਐਸੇ ਪਵਿਤਰ ਦਿਹਾੜੇ, ਇਕ ਐਸਾ ਕੀਰਤਨੀ ਜਥਾ ਸੁਣਾਵੇ ਜੋ ਪਤਿਤ-ਕਰਮੀ ਹੋਣ ਕਰਕੇ, ਸ੍ਰੀ ਅਕਾਲ ਤਖ਼ਤ ਸਾਬਿਬ ਦੇ ਹੁਕਮ ਅਨੁਸਾਰ ਪੰਥ ਤੋਂ ਛੇਕਿਆ ਜਾ ਚੁਕਾ ਹੈ ! ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਅਨੁਸਾਰ ਇਸ ਜਥੇ ਨੂੰ ਕਿਸੇ ਗੁਰਦੁਆਰਾ ਸਾਹਿਬ ਜਾਂ ਕਿਸੇ ਦੀਵਾਨ ਵਿਚ ਕੀਰਤਨ ਕਰਨ ਦੀ ਆਗਿਆ ਨਹੀਂ, ਜਦ ਤਾਈਂ ਕਿ ਇਹ ਜਥਾ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਆਪਣੀ ਭੁਲ



www.AKJ.Org

ਬਖ਼ਸ਼ਵਾ ਕੇ, ਫੇਰ ਅੰਮ੍ਰਿਤ ਪਾਨ ਕਰਕੇ ਸਿੰਘ ਨਹੀਂ ਸਜ ਜਾਂਦਾ। ਇਸ ਜਥੇ ਦੇ ਮੁਖੀ ਨੂੰ ਪੁਛ ਲਵੋ ਕਿ ਕੀ ਉਸ ਨੇ ਅਮੁਕੇ ਸ਼ਹਿਰ ਵਿਚ ਇਕ ਪਵਿਤਰ ਆਤਮਾ ਨਵਯੁਵਕ ਬੀਬੀ ਨੂੰ ਆਪਣੀ ਨਾਪਾਕ ਤੇ ਨੀਚ ਹਰਕਤ ਨਾਲ ਅਪਵਿਤਰ ਨਹੀਂ ਕੀਤਾ ? ਕੀ ਇਸ ਨੀਚਤਾ ਭਰੇ ਕੁਕਰਮ ਤੇ ਪਤਿਤ ਕਰਮ ਦੇ ਭਾਗੀ ਹੋਣ ਕਰਕੇ ਇਸ ਨੂੰ ਸ੍ਰੀ ਅਕਾਲ ਤਖ਼ਤ ਤੋਂ ਕੀਰਤਨ ਕਰਨ ਦੀ ਮਨਾਹੀ ਦਾ ਹੁਕਮ ਨਹੀਂ ਹੋਇਆ ? ਇਨ੍ਹਾਂ ਹਾਲਾਤ ਵਿਚ ਇਹ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿ ਐਸਾ ਪਤਿਤ-ਕਰਮੀ ਜਥਾ ਹਜ਼ਾਰਾਂ ਦੀ ਗਿਣਤੀ ਵਿਚ ਜੁੜ ਰਹੀ ਸ਼ਰਧਾ-ਵਾਨ ਸੰਗਤ ਵਿਚ ਕੀਰਤਨ ਕਰੇ ਤੇ ਫੇਰ ਇਸ ਪਵਿਤਰ ਅਸਥਾਨ ਅਤੇ ਇਸ ਪਵਿਤਰ ਪੁਰਬ ਦੇ ਵਿਹਾੜੇ ! ਪ੍ਰਬੰਧਕਾਂ ਵਿਚੋਂ ਕਈਆਂ ਨਾਲ ਇਸ ਦਾ ਸ਼ਾਇਦ ਮੇਲ-ਜੋਲ ਹੋਣ ਕਰਕੇ, ਉਨ੍ਹਾਂ ਨੇ ਦਾਸ ਦੀ ਇਸ ਮੰਗ ਨੂੰ ਨਹੀਂ ਗਉਲਿਆ, ਤੇ ਹੁਣ ਇਹ ਸਭ ਮੁਆਮਲਾ ਸਰਬੱਤ ਸੰਗਤ ਦੇ ਸਪੁਰਦ ਹੈ।"

ਇਹ ਅੱਖਰ ਕੀ ਸਨ, ਇਕ ਜਾਦੂ ਸੀ। ਹਜ਼ਾਰਾਂ ਦੀ ਗਿਣਤੀ ਵਿਚ ਜੁੜੀ ਸੰਗਤ ਤੇ ਸੱਨਾਟਾ ਛਾ ਗਿਆ। ਕਿਸੇ ਅਕਹਿ ਜੋਸ਼, ਦ੍ਰਿੜ੍ਹਤਾ ਤੇ ਮਸਤੀ ਵਿਚ ਇਹ ਜਜ਼ਬਾਤ ਪੇਸ਼ ਕੀਤੇ ਗਏ ਸਨ। ਪ੍ਰਬੰਧਕ ਜਨ ਨਿਮੋਝੂਣੇ ਹੋਏ ਬੈਠੇ ਸਨ। ਉਹ ਰਾਗੀ ਜਥਾ ਤਾਂ ਇਸ ਕਥਨ ਦੀ ਸਮਾਪਤੀ ਤੋਂ ਪਹਿਲੇ ਹੀ ਸਾਜ ਆਦਿ ਸਾਂਭ ਕੇ ਪਤਾ ਨਹੀਂ ਲਗਾ ਕਿ ਕਦੋਂ ਖਿਸਕੰਤ ਹੋ ਗਿਆ। ਸੰਗਤ ਨੇ 'ਸ਼ਰਮ ! ਸ਼ਰਮ' !! ਦੇ ਨਾਅਰੇ ਲਗਾਏ ਅਤੇ ਸਿੰਘ ਸਾਹਿਬ (ਜਿਨ੍ਹਾਂ ਦੇ ਕੀਰਤਨ ਦਾ ਨਮੂਨਾ ਸੰਗਤ ਹੁਣੇ ਦੇਖ ਚੁਕੀ ਸੀ) ਨੂੰ ਹੀ ਬੇਨਤੀ ਕੀਤੀ ਗਈ ਕਿ ਉਹ ਬਾਕੀ ਰਹਿੰਦੀ ਆਸਾ ਦੀ ਵਾਰ ਦਾ ਕੀਰਤਨ ਸੁਣਾਉਣ। ਉਹ ਬੜੇ ਉਤਸ਼ਾਹ ਨਾਲ ਸਟੇਜ ਤੇ ਸਜ ਗਏ ਅਤੇ ਕਿਸੇ ਚਾਅ, ਖ਼ੁਸ਼ੀ ਤੇ ਪ੍ਰੇਮ ਵਿਚ ਆ ਕੇ, ਸ਼ੁਕਰਾਨੇ ਭਰੇ ਜਜ਼ਬਾਤ ਵਿਚ ਐਸਾ ਕੀਰਤਨ ਕੀਤਾ ਕਿ ਸੰਗਤਾਂ ਮਸਤ ਹੋ ਗਈਆਂ।

ਇਹ ਸੀ ਮੇਰੀ ਪਹਿਲੀ ਮਿਲਣੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ।

[ਜੀਵਨ-ਚਰਿੱਤਰ ਭਾ: ਸਾ: ਰਣਧੀਰ ਸਿੰਘ ਜੀ ਵਿਚੋਂ

# ਰਾਜਸੀ ਪਾਲਿਟੈਕਸ ਤੇ ਗੁਰਮਤਿ ਧਰਮ

ਨਿਰੰਕਾਰੀ ਪ੍ਰੀਤ ਅਗੰਮੀ ਦੇ ਉਚ ਪ੍ਰਮਾਰਥੀਆਂ ਅਤੇ ਨਿਰਾਕਾਰ ਚਰਨ ਕਮਲਾਰ ਦੇ ਦਰਸ਼ਨ ਭੰਵਰਾਰਥੀਆਂ ਨੂੰ ਸਚਮੁਚ ਰਾਜ-ਸਾਜੀ ਮੁਕਤਿ ਪਾਜੀ ਚਾਹਨਾ ਹੀ ਨਹੀਂ ਉਪਜਦੀ। ਐਜ-ਮਸਤੌਜੀ ਮਉਜ ਵਿਚ ਉਹਨਾਂ ਨੂੰ ਇਸ ਬਪੜੀ ਚਾਹਨਾ ਦਾ ਫੁਰਨਾ ਹੀ ਨਹੀਂ ਫੁਰਦਾ। ਉਨ੍ਹਾਂ ਦੇ ਸਾਹਮਣੇ ਸਗਲ ਸ੍ਰਿਸ਼ਟੀ ਦਾ ਰਾਜ ਅਤੇ ਸ੍ਵਰਗ-ਬਾਂਛਾਰੀ ਮੁਕਤਿ ਮੁਕਤਾਜ ਸਭ ਹੇਚ ਹੈ। ਇਹ ਦੁਨਿਆਵੀ ਸਿਕਦਾਰੀਆਂ ਗਿਰੰਬਾਰੀਆਂ ਅਤੇ ਫੋਕੀ ਲੀਡਰੀ ਦੀਆਂ ਨਾਮਵਰੀਆਂ ਸਭ ਤੁਛ ਹਨ।

ਰਾਜ ਭਾਗ ਦਾ ਤ੍ਰਿਸ਼ਨਾਲੂ ਹੋਣਾ ਗੁਰਮਤਿ ਧਰਮ ਦੇ ਪ੍ਰਮਾਰਥ ਤੋਂ ਪ੍ਰਤਿਕੂਲ ਹੈ। ਪਰ ਇਹ ਗੱਲ ਆਖਣੀ ਕਿ ਰਾਜ ਯਾ ਰਾਜਸੀ ਪਾਲਿਟੈਕਸ ਦਾ ਗੁਰਮਤਿ ਧਰਮ ਦੇ ਪ੍ਰਮਾਰਥੀਆਂ ਨਾਲ ਕੋਈ ਵਾਸਤਾ ਨਹੀਂ, ਇਹ ਗੁਰਮਤਿ ਧਰਮ ਤੋਂ ਘੁਥੇ ਹੋਏ, ਅਉਝੜ ਪਏ ਹੋਏ ਪਾਲੀਟੀਸ਼ਨਾਂ ਦੀ ਫ਼ੈਲਿਸੀ (fallacy—ਛਲ ਫ਼ਰੇਬ) ਭਰੀ ਲਾਜਿਕ ( logic—ਤਰਕ) ਹੈ। ਜੇ ਤਾਂ ਪਾਲਿਟੈਕਸ ਦਾ ਅਰਥ ਨਿਰੀ ਪਾਲਿਸੀ ਅਤੇ ਡਿਪਲੋਮੇਸੀ (ਰਾਜਨੀਤੀ) ਹੈ, ਤਦ ਤਾਂ ਸਚਮੁਚ ਐਸੀ ਪਾਲਿਟੈਕਸ ਨਾਲ ਗੁਰਮਤਿ ਧਰਮ ਪ੍ਰਮਾਰਥ ਦਾ ਕੋਈ ਸੰਬੰਧ ਨਹੀਂ। ਪਰੰਤੂ ਤੱਤ ਰਾਜ ਵਿਥਾਰਨ-ਮਈ ਸੱਚੀ ਪਾਲਿਟੈਕਸ ਕੇਵਲ ਧਰਮ ਪ੍ਰਮਾਰਥ ਦੇ ਧੁਰਵੇ ਤੋਂ ਹੀ ਉਪਜਦੀ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪ੍ਰਧਾਨਗੀ ਐਡਰੈਸ ਚੋਂ



www.AKJ.Org

# ਚਰਨ ਕਮਲ ਕੀ ਮਉਜ (੩)

[ਵਲੋਂ :—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

## *ਕੀਰਤਨ ਦੁਆਰਾ ਚਰਨ ਕੰਵਲਾਂ ਦਾ ਅਨੰਦ–*

ਜਿਨ੍ਹਾਂ ਗੁਰਮੁਖਾਂ ਨੂੰ ਗੋਬਿੰਦ ਦੇ ਚਰਨ ਕੰਵਲਾਂ ਸੰਗ ਬਿਸਮ-ਬਿਨੋਦੀ ਆਤਮ-ਰੰਗ ਚਲੂਲੜਾ ਲਗ ਗਿਆ ਹੈ, ਉਹਨਾਂ ਦੇ ਮਨ ਐਸੇ ਨਿਰਮਲ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਦੁਤੀਆ ਤ੍ਰੈਗੁਣੀ ਰੰਗਾਂ ਦੀ ਮੈਲ ਲਗਣੀ ਹੀ ਨਹੀਂ ਪਾਉਂਦੀ। ਵਿਕਾਰੀ ਅਹਾਰਾਂ ਦੀ ਗ਼ਨੂਦਗੀ ਤੋਂ ਉਪੰਨੀ ਆਲਸ-ਨਿੰਦਰਾ ਉਹਨਾਂ ਦੇ ਨੇੜੇ ਨਹੀਂ ਆਉਂਦੀ। ਅਜਿਹੇ ਕੁੰਗੂ ਵਰਗੇ, ਕੁੰਗੂਓਂ ਵਧੇਰੇ ਨਿਰਮਲ ਤੇ ਹਰ ਰੰਗ-ਰਾਂਗੇ ਮਨ, ਚਰਨ-ਕਮਲ-ਗੋਬਿੰਦ ਰੰਗ-ਪਾਗੇ ਮਨ, ਅਹਿਨਿਸ (ਦਿਨ ਰਾਤ) ਜਾਗਦੇ ਹੀ ਰਹਿੰਦੇ ਹਨ ਅਤੇ ਹਰਿ ਜਸ, ਹਰਿ ਕੀਰਤਨ, ਭਜਨ ਰੂਪੀ ਸੱਚੇ ਆਹਰ ਵਿਚ ਲਗੇ ਰਹਿੰਦੇ ਹਨ। ਗੋਬਿੰਦ ਚਰਨ ਕੰਵਲ ਰੰਗ ਰਾਂਗੜੇ, ਰਸ-ਪਾਗੜੇ ਗੁਰਮੁਖ ਜਨਾਂ ਨੂੰ ਚਰਨ ਕੰਵਲ ਦੀਆਂ ਮਉਜ-ਰੰਗਾਂ ਵਿਚ ਖਿਨ ਖਿਨ ਕੀਰਤਨ-ਤਰੰਗਾਂ ਦੇ ਉਮਾਹੇ ਹੀ ਉਠਦੇ ਰਹਿੰਦੇ ਹਨ। ਉਹ ਇਹਨਾਂ ਮਉਜ-ਉਮਾਹੜੇ-ਰੰਗਾਂ ਦੇ ਅਧੀਨ ਹੋ ਕੇ ਹੀ ਕੀਰਤਨ ਕਰਦੇ ਰਜਦੇ ਨਹੀਂ। ਜਿਉਂ ਜਿਉਂ ਕੀਰਤਨ ਕਰਦੇ ਹਨ, ਤਿਉਂ ਤਿਉਂ ਚਰਨ ਕੰਵਲਾਂ ਦੇ ਹੋਰ ਚਲੂਲੇ ਰੰਗ ਚੜ੍ਹਦੇ ਹਨ ਅਤੇ ਦਰਸ਼ਨ ਝਲਕਾਂ ਦੇ ਬਿਨੋਦ-ਬਿਸਮਨੀ ਝਲਕੇ ਵਜਦੇ ਹਨ। ਇਸ ਅਨੂਪਮੀ ਅਨੂਠੜੇ ਆਧਾਰ ਉਤੇ ਹੀ ਉਹ ਸਾਰੀ ਸਾਰੀ ਰਾਤ ਤੇ ਸਾਰਾ ਸਾਰਾ ਦਿਨ ਭੀ ਜੇ ਕੀਰਤਨ ਕਰਦੇ ਰਹਿਣ ਤਾਂ ਥਕਦੇ-ਅਕਦੇ ਨਹੀਂ। ਥਕੇਵਾਂ-ਅਕੇਵਾਂ ਭਲਾ ਓਥੇ ਕਿਥੇ, ਜਿਥੇ ਚਰਨ ਕੰਵਲਾਂ ਦੀ ਮਉਜ ਦੇ ਚਲੂਲੇ ਰੰਗ ਚੜ੍ਹੇ ਹੋਏ ਹੋਣ? ਇਸ ਪ੍ਰਥਾਇ ਇਹ ਗੁਰਵਾਕ ਭਲਾ ਘਟਦਾ ਹੈ :–

ਚਰਣ ਕਮਲ ਗੋਬਿੰਦ ਰੰਗੁ ਲਾਗਾ ॥
ਸੰਤ ਪ੍ਰਸਾਦਿ ਭਏ ਮਨ ਨਿਰਮਲ ਹਰਿ ਕੀਰਤਨ ਮਹਿ ਅਨਦਿਨੁ ਜਾਗਾ ॥

[ਗਉੜੀ ਥਿਤੀ ਕਬੀਰ ਜੀ, ੩੪੩

ਸਤਿਗੁਰ ਪੂਰੇ ਨੇ ਇਹ ਕੀਰਤਨ-ਆਧਾਰ ਉਨ੍ਹਾਂ ਨੂੰ ਬਖਸ਼ਿਆ ਹੈ। ਇਸ ਕੀਰਤਨ-ਆਧਾਰੀ ਦਾਤਿ ਦੀ ਬਰਕਤ ਕਰਿ, ਉਹ ਚਰਨ ਕੰਵਲਾਂ ਦੀ ਮਉਜ ਨੂੰ ਅੰਤਰ ਹੀ ਅੰਤਰ ਅਕਹਿ ਬਿਸਮ ਰੰਗਾਂ ਵਿਚ ਹੋਰ ਵਧੇਰੇ ਮਾਣਦੇ ਹਨ। ਅਤੇ ਰਿਦ ਅੰਤਰ ਹੀ ਪ੍ਰਗਟੰਨੇ ਚਰਨ ਕੰਵਲਾਂ ਨੂੰ ਅੰਤਰ ਝਾਤੀਆਂ ਮਾਰ ਮਾਰ ਬਿਸਮਾਉਂਦੇ ਮੁਸਕਾਉਂਦੇ ਹਨ ਅਤੇ ਰਸ-ਜੋਤਿ-ਪਵਨ-ਵਿਗਾਸੀ ਸੁਆਸ ਸੁਆਸ ਅਭਿਆਸ ਦੇ ਬੀਜਨ ਢੋਲਾਇ ਢੋਲਾਇ (ਪੱਖਾ ਕਰ ਕਰ) ਦਰਸ-ਅਨੂਪਮੀ, ਰੂਪ ਅਨੂਪਮੀ, ਅਤਿ ਰਸ ਮਿਠੜੇ-ਗੋਬਿੰਦ-ਚਰਨ ਕਵਲਾਰ ਦਾ ਸੇਵਨ ਕਰਦੇ ਹਨ। ਕੈਸੀ ਅਧਿਭੁਤ ਚਰਨ ਕੰਵਲਾਂ ਦੀ ਇਹ ਸਹਿਜ ਸੇਵਾ ਹੈ–

ਚਰਨ ਕਮਲ ਸੇਵੀ ਰਿਦ ਅੰਤਰਿ ਗੁਰ ਪੂਰੇ ਕੈ ਆਧਾਰ ॥੩॥

[ਆਸਾ ਮ: ੫, ਪੰਨਾ ੩੭੯

ਗੁਰਵਾਕ ਦੀ ਇਹ ਤੁਛ ਮਾਤਰ ਵਿਆਖਿਆ ਹੈ। ਅਗਮ ਅਪਾਰ ਪ੍ਰਭੂ ਪ੍ਰਮਾਤਮਾ ਦੇ ਚਰਨ ਕੰਵਲ ਜਿਨ੍ਹਾਂ ਗੁਰਮੁਖਾਂ ਦੇ ਮਨ ਤਨ ਵਿਚ ਵਸ ਜਾਂਦੇ ਹਨ ਅਤੇ ਅੰਤਰ ਆਤਮੇ ਧਸ ਜਾਂਦੇ ਹਨ, ਉਨ੍ਹਾਂ ਨੂੰ ਕਿਸੇ ਗੱਲ ਦੀ ਭੀ ਕਮੀ ਨਹੀਂ ਰਹਿੰਦੀ। ਕਿਸੇ ਪਦਾਰਥ ਦੀ ਤੋਟ ਨਹੀਂ ਰਹਿੰਦੀ। ਉਨ੍ਹਾਂ ਦੇ ਹਰ ਵਥ ਦੇ ਪੂਰਨ ਭੰਡਾਰ ਭਰੇ ਰਹਿੰਦੇ ਹਨ। ਜੈਸਾ ਕਿ ਇਹ ਗੁਰਵਾਕ ਵਿਦਤਾਉਂਦਾ ਹੈ :–

ਤੋਟਿ ਨ ਆਵੈ ਕਦੇ ਮੂਲਿ ਪੂਰਨ ਭੰਡਾਰ ॥
ਚਰਨ ਕਮਲ ਮਨਿ ਤਨਿ ਬਸੇ ਪ੍ਰਭ ਅਗਮ ਅਪਾਰ ॥੨।

[ਬਿਲਾਵਲੁ ਮਹਲਾ ੫, ਪੰਨਾ ੮੧੭

ਤਿਨ੍ਹਾਂ ਨੂੰ ਚਰਨ ਕੰਵਲਾਂ ਦਾ ਆਸਰਾ ਪ੍ਰਭੂ ਪ੍ਰਮਾਤਾ ਨੇ ਆਪ ਦਿੱਤਾ ਹੈ ਤੇ ਗੁਰਮੁਖ ਜਨ ਗੁਰੂ ਕਰਤਾਰ



www.AKJ.Org

ਦੇ ਆਸਰੇ ਪ੍ਰਾਇਣ ਹੋਏ ਚਰਨ ਸਰਨ ਹੀ ਸਮਾਏ ਰਹਿੰਦੇ ਹਨ। ਤਿਸ ਚਰਨ ਸਰਨ ਪ੍ਰਾਇਣ ਹੋਇ ਸਮਾਇ ਰਹਿਣ ਦਾ ਸਦਾ ਹੀ ਬੜਾ ਪਰਤਾਪ ਵਰਤਦਾ ਹੈ। ਸੋਈ ਇਹ ਅਗਲੇਰਾ ਗੁਰਵਾਕ ਦਸਦਾ ਹੈ :-

ਚਰਣ ਕਮਲ ਕਾ ਆਸਰਾ ਦੀਨੋ ਪ੍ਰਭਿ ਆਪਿ ॥
ਪ੍ਰਭ ਸਰਣਾਗਤਿ ਜਨ ਪਰੇ ਤਾ ਕਾ ਸਦ ਪਰਤਾਪੁ ॥੧॥

[ਬਿਲਾਵਲੁ ਮਹਲਾ ੫, ਪੰਨਾ ੮੧੭

## ਚਰਨ ਕਮਲ ਦੀ ਮਉਜ ਦੇ ਅਨਿਕ ਰੰਗੀ ਅਨੰਦ-ਹੁਲਾਸ–

ਚਰਨ ਕੰਵਲਾਂ ਦੀ ਮਉਜ ਮਾਨਣ ਦੇ ਰੰਗਾਂ ਦੀ ਵਡਿਆਈ ਫਿਰ ਇਉਂ ਗੁਰਵਾਕ ਵਰਣਤੇ ਹੈ :

ਚਰਨ ਕਮਲ ਜਾ ਕਾ ਮਨੁ ਰਾਪੈ ॥ ਸੋਗ ਅਗਨਿ ਤਿਸੁ ਜਨ ਨ ਵਿਆਪੈ ॥੨॥

[ਧਨਾਸਰੀ ਮਹਲਾ ੫, ਪੰਨਾ ੬੮੩

ਭਾਵ, ਚਰਨ ਕੰਵਲਾਂ ਦੀ ਮਉਜ ਦੇ ਰੰਗਾਂ ਵਿਚ ਜਿਸ ਦਾ ਮਨ ਰਪ ਗਿਆ ਹੈ, ਅਰਥਾਤ, ਰੰਗਿਆ ਗਿਆ ਹੈ, ਤਿਸ ਜਨ ਨੂੰ ਸੋਗ ਦੀ ਅਗਨੀ ਕਦੇ ਨਹੀਂ ਪੋਹ ਸਕਦੀ। ਚਰਨ ਕੰਵਲਾਂ ਦੇ ਰੰਗ ਵਿਚ ਮਉਜੀ ਭੰਵਰੇ ਹਰਦਮ ਚਰਨ ਕੰਵਲਾਂ ਉਪਰ ਹੀ ਮਸਤ ਰਹਿੰਦੇ ਹਨ। ਉਹਨਾਂ ਨੂੰ ਸਦਾ ਹੀ ਚਰਨ ਕੰਵਲ ਰਸਾਲੜੀ ਖ਼ੁਮਾਰੀ ਦਾ ਨਸ਼ਾ ਚੜ੍ਹਿਆ ਰਹਿੰਦਾ ਹੈ। ਸੋ ਚਰਨ ਕੰਵਲਾਂ ਦੇ ਖੀਵੜੇ-ਰਸ-ਭੰਵਰਿਆਂ ਨੂੰ ਸੋਗ ਵਿਜੋਗ ਦੀ ਅਗਨੀ ਕਦੇ ਪੋਹ ਨਹੀਂ ਸਕਦੀ, ਉਹ ਸਦਾ ਹੀ ਖਿੜੇ ਰਹਿੰਦੇ ਹਨ। ਕਦੇ ਭੀ ਉਦਾਸੀਨ ਅਤੇ ਸ਼ੋਕਾਂਤਰ ਨਹੀਂ ਹੁੰਦੇ, ਕਿਉਂਕਿ:-

ਚਰਨ ਕਮਲ ਅਧਾਰੁ ਜਨ ਕਾ ਰਾਸਿ ਪੂੰਜੀ ਏਕ ॥
ਤਾਣੁ ਮਾਣੁ ਦੀਬਾਣੁ ਸਾਚਾ ਨਾਨਕ ਕੀ ਪ੍ਰਭ ਟੇਕ ॥੪॥੨॥

[ਧਨਾਸਰੀ ਮਹਲਾ ੫, ਪੰਨਾ ੬੭੫

ਗੁਰਵਾਕ ਦੇ ਭਾਵ ਅਨੁਸਾਰ ਚਰਨ ਕੰਵਲ-ਆਧਾਰੀ ਗੁਰਮੁਖ ਜਨਾਂ ਦਾ ਚਰਨ ਕੰਵਲ ਹੀ ਆਧਾਰ ਹੈ। ਓਹਨਾਂ ਦੀ ਰਾਸ ਪੂੰਜੀ ਭੀ ਇਕੋ ਇਹੀ ਹੈ। ਚਰਨ ਕੰਵਲ ਹੀ ਓਹਨਾਂ ਦਾ ਤਾਣ ਹੈ, ਚਰਨ ਕੰਵਲ ਹੀ ਓਹਨਾਂ ਦਾ ਮਾਣ ਹੈ, ਅਤੇ ਚਰਨ ਕੰਵਲ ਹੀ ਉਹਨਾਂ ਦਾ ਸਾਚਾ ਦੀਬਾਣ ਹੈ, ਅਤੇ ਪ੍ਰਭੂ ਦੇ ਚਰਨ ਕੰਵਲ ਹੀ ਉਹਨਾਂ ਦੀ ਸਚੀ ਟੇਕ ਹੈ। ਇਸ ਗੁਰਵਾਕ ਦੀ ਪ੍ਰੋੜ੍ਹਤਾ ਹੀ ਅਗਲਾ ਗੁਰਵਾਕ ਕਰਦਾ ਹੈ :-

ਚਰਨ ਕਮਲ ਹਰਿ ਜਨ ਕੀ ਥਾਤੀ ਕੋਟਿ ਸੂਖ ਬਿਸ੍ਰਾਮ ॥
ਗੋਬਿੰਦੁ ਦਮੋਦਰੁ ਸਿਮਰਉ ਦਿਨੁ ਰੈਨਿ ਨਾਨਕ ਸਦ ਕੁਰਬਾਨ ॥੨॥੧੭॥੪੮॥

[ਧਨਾਸਰੀ ਮਹਲਾ ੫, ਪੰਨਾ ੬੮੨

ਭਾਵ, ਚਰਨ ਕੰਵਲ ਹੀ ਹਰਿ ਜਨ ਕਾ ਠਿਕਾਣਾ, ਧਨ, ਮਾਲ ਖ਼ਜ਼ਾਨਾ ਹੈ ਅਤੇ ਕੋਟਾਨ ਕ੍ਰੋਟ ਸੁਖਾਂ ਦਾ ਬਿਸਰਾਮ ਅਸਥਾਨ ਹੈ, ਅਰਥਾਤ ਚਰਨ ਕੰਵਲ ਦੀ ਮਉਜ ਵਿਚ ਸਮਾਇ ਰਹਿਣ ਕਰਿ, ਬਿਅੰਤ ਸੁਖਾਂ ਦੇ ਘਰ ਵਿਚ ਬਿਸਰਾਮ ਹੋ ਜਾਂਦਾ ਹੈ। ਕੋਟ ਸੁਖਾਂ ਦਾ ਬਿਸਰਾਮ, ਚਰਨ ਕੰਵਲ ਦੀ ਮਉਜ ਅੰਦਰਿ ਸਮਾਇ ਰਹਿਣ ਵਿਚ ਹੈ। ਵਾਹਿਗੁਰੂ ਦੀ ਭਗਤੀ ਦਾ ਆਨੰਦ ਏਥੇ ਹੀ ਆਉਂਦਾ ਹੈ, ਸਗੋਂ ਨਾਮ ਸਿਮਰਨ ਦਾ ਉਮਾਹਾ ਭਗਤ ਜਨ ਚਰਨ-ਕੰਵਲ ਭਜਨੀਕਾਂ ਨੂੰ ਦਹਿ-ਦੂਣਾ ਹੋ ਕੇ, ਅਗੇ ਨਾਲੋਂ ਭੀ ਦਹਿਦੂਣਾ ਹੋ ਕੇ ਉਪਜਦਾ ਵਿਗਸਦਾ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦਾ ਭਗਤ ਜਨ, ਚਰਨ-ਕੰਵਲ-ਮੌਜਾਰੀ ਗੁਰਮੁਖਿ ਅਭਿਆਸੀ ਇਹੋ ਅਕਾਂਖਿਆ (ਲੋਚਾਂ ਲੋਚਦਾ) ਅਕਾਂਖਦਾ ਰਹਿੰਦਾ ਹੈ ਕਿ ਵਾਹਿਗੁਰੂ (ਗੋਬਿੰਦ ਦਮੋਦਰ ਸਵਾਮੀ) ਨੂੰ ਦਿਨ ਰੈਣ ਸਿਮਰਦਾ ਹੀ ਰਹਾਂ ਅਤੇ ਸਦਾ ਸਿਮਰ ਸਿਮਰ ਕੇ ਕੁਰਬਾਨ ਹੋ ਹੋ ਜਾਵਾਂ।

ਚਰਨ ਕੰਵਲ ਦੇ ਅਮੋਘ ਦਰਸ਼ਨਾਂ ਦੀ ਮੌਜ-ਮਹਿਮਾ ਐਸੀ ਅਪਰ ਅਪਾਰ ਹੈ ਕਿ ਜਿਸ ਜਨ ਦਾ ਮਨ ਚਰਨ ਕੰਵਲਾਂ ਦੀ ਮਉਜ ਦੇ ਰੰਗਾਂ ਵਿਚ ਰੰਗਿਆ ਗਿਆ ਹੈ, ਉਹ ਸਦ ਸਦਾ ਹੀ ਅੰਮ੍ਰਿਤ ਦੇ ਸਰੋਵਰ ਵਿਚ


www.AKJ.Org

ਸਰਸ਼ਾਰ ਅਤੇ ਨਿਮਗਨ ਹੋ ਕੇ ਤਾਰੀਆਂ ਲਾਉਂਦਾ ਹੈ ਅਤੇ ਦੰਮ ਦੰਮ ਹਰ ਖਿਨ ਲਾਉਂਦਾ ਰਹਿੰਦਾ ਹੈ, ਇਕ ਖਿਨ ਭੀ ਇਸ ਅਨੰਦ ਮਉਜ ਤੋਂ ਬਿਸਰਜਤ ਨਹੀਂ ਹੁੰਦਾ। ਉਸ ਤੋਂ ਬਿਸਰਜਤ ਹੋ ਹੀ ਨਹੀਂ ਹੁੰਦਾ; ਹੋਵੇ ਤਾਂ ਉਸ ਦਾ ਮਰਨ ਹੋ ਜਾਂਦਾ ਹੈ। ਚਰਨ ਕੰਵਲ ਦੀ ਮਉਜ ਵਿਚ ਮਉਜੀ ਹੋ ਕੇ ਉਹ ਇਸ ਮੌਜ-ਅਨੰਦ-ਬਹਾਰ ਨੂੰ ਮਾਣਦਾ ਹੋਇਆ, ਉਸ ਅਨੰਦ ਅਹਿਲਾਦ ਦੇ ਬਿਸਮ ਸੁਆਦ ਵਿਚ ਆ-ਮੁਹਾਰਾ ਅਤੇ ਸਹਿਜ ਸਰਸ਼ਾਰਤ ਹੋ ਕੇ ਵਾਹੁ ਵਾਹੁ ਚਵੀ ਜਾਂਦਾ ਹੈ। ਜਿਉਂ ਜਿਉਂ ਵਾਹੁ ਵਾਹੁ ਚਵਦਾ (ਜਪਦਾ) ਹੈ ਤਿਉਂ ਤਿਉਂ ਇਹ ਆਨੰਦ-ਖੇੜੇ ਹੋਰ ਵਧੇਰੇ ਖਿੜਦੇ ਹਨ। ਤਾਂ ਤੇ ਨਾ ਹੀ ਉਸ ਤੋਂ ਵਾਹੁ ਵਾਹੁ ਚਵਣੀ ਸਿਫਤਿ ਸਲਾਹ ਤੋਂ ਹਟਿਆ ਜਾਵੇ ਅਤੇ ਨਾ ਹੀ ਇਸ ਅਨੰਦ-ਮਉਜ ਦੇ ਖੇੜੇ ਘਟਣ। ਇਹੀ ਸਿਫਤਿ ਸਲਾਹ ਉਸਦੀ ਪ੍ਰਾਣ-ਆਧਾਰ ਬਣ ਜਾਂਦੀ ਹੈ, ਜੋ ਪ੍ਰਾਣ-ਪਤੀ ਪ੍ਰੀਤਮ ਰਾਉ ਵਾਹਿਗੁਰੂ ਦੇ ਚਰਨ ਕੰਵਲਾਂ ਤੋਂ ਇਕ ਭੋਰੀ ਭੀ ਉਸ ਨੂੰ ਨਹੀਂ ਵਿਛੋੜਦੀ; ਵਿਛੜਨ ਵਿਛੋੜਨ ਦਿੰਦੀ ਹੀ ਨਹੀਂ। ਸਿਫਤਿ ਸਾਲਾਹਣ ਰਸ ਵਿਚ ਗੀਧੇ ਗੁਰਮੁਖ ਜਨਾਂ ਦੇ ਇਹ ਕੈਸੇ ਉੱਜਲ ਸੁਭਾਗ ਹਨ ! ਅਤੇ ਉਸ ਦੇ ਉਲਟ ਪ੍ਰਾਨ-ਪਤੀ ਪ੍ਰੀਤਮ ਵਾਹਿਗੁਰੂ ਨੂੰ ਵਿਸਰਨ ਵਿਸਾਰਨਹਾਰਾ ਬਪੁੜਾ ਸਾਕਤ ਬਿਚਾਰਾ ਕੈਸਾ ਅਭਾਗਾ ਹੈ, ਜਿਸ ਨੂੰ ਇਨ੍ਹਾਂ ਪਰਮਾਰਥੀ ਨੇਅਮਤਾਂ ਤੋਂ ਉਕਾ ਹੀ ਮਹਿਰੂਮ ਰਹਿਣਾ ਪੈਂਦਾ ਹੈ। ਯਥਾ ਗੁਰਵਾਕ :–

ਜਿਸ ਕਉ ਬਿਸਰੈ ਪ੍ਰਾਨਪਤਿ ਦਾਤਾ ਸੋਈ ਗਨਹੁ ਅਭਾਗਾ ॥
ਚਰਨ ਕਮਲ ਜਾ ਕਾ ਮਨੁ ਰਾਗਿਓ ਅਮਿਅ ਸਰੋਵਰ ਪਾਗਾ ॥ [ਧਨਾਸਰੀ ਮ: ੫, ਪੰਨਾ ੬੮੨

ਉਪਰ ਲਿਖੀ ਹਾਲ-ਹਕੀਕਤ ਐਨ ਇਸ ਗੁਰਵਾਕ ਦੀ ਹਕੀਕੀ ਵਿਆਖਿਆ ਹੈ। ਚਰਨ ਕੰਵਲਾਂ ਦੀ ਮਉਜ ਦੇ ਰੰਗਾਂ ਵਿਚ ਰਤੜਾ ਜਨ, ਅਨਦਿਨ ਨਾਮ ਦੇ ਰੰਗਾਂ ਵਿਚ ਜਾਗਦਾ ਹੈ ਅਤੇ ਜਾਗ ਸੁਜਾਗਾ ਹੋ ਕੇ ਸੁਚੇਤ ਚੇਤੰਨਤਾ ਸਹਿਤ ਸਾਵਧਾਨ ਹੋ ਕੇ ਜਾਗਦਾ ਹੈ। ਉਸ ਦੇ ਤਨ ਮਨ ਸਰੀਰ ਆਤਮ ਅੰਦਰੋਂ ਆਲਸ ਨਿੰਦਰਾ ਸਭ ਦੂਰ, ਚਕਨਾ ਚੂਰ ਹੋ ਜਾਂਦੀ ਹੈ। ਕਿਉਂਕਿ ਉਸ ਦਾ ਪ੍ਰਾਣ-ਪਤੀ, ਪ੍ਰਾਣ-ਦਾਤਾਰੇ, ਪ੍ਰੀਤਮ ਵਾਹਿਗੁਰੂ ਦੇ ਚਰਨ ਕੰਵਲਾਂ ਦੇ ਪਰਬਲ ਪਿਆਰ ਸੇਤੀ ਮਨ ਬੇਧਿਆ ਹੋਇਆ ਹੁੰਦਾ ਹੈ। ਇਸ ਪਰਬਲ ਪ੍ਰੀਤਮੀ ਪਿਆਰ ਦੀ ਜੋਤਿ-ਕਿਰਨਾਰੀ-ਤਾਰ, ਸਗਲ ਘਟਾਂ ਅੰਦਰ ਹੀ ਪਰੋਤੀ ਪਰਤਖ ਨਜ਼ਰ ਆਂਉਂਦੀ ਹੈ, ਅਤੇ ਜਿਥੇ ਜਿਥੇ ਭੀ ਉਸ ਦੀ ਦਿਬ-ਦ੍ਰਿਸ਼ਟਾਰ ਹੋਈ ਨਜ਼ਰ ਪੈਂਦੀ ਹੈ, ਤਿਥੇ ਤਿਥੇ ਓਹ ਵਾਹਿਗੁਰੂ ਜੋਤੀ ਸਰੂਪ ਨੂੰ ਪਰੀਪੂਰੰਨ ਪੇਖਦਾ ਹੈ ਅਤੇ ਸਾਂਗੋ ਪਾਂਗ ਪੇਖਦਾ ਹੈ। ਇਸ ਪਦ ਪ੍ਰਾਪਤੇ, ਚਰਨ ਕੰਵਲਾਂ ਦੀ ਸੋਭਾ ਵਾਲੇ ਪ੍ਰਾਨ ਮਾਨ ਰਾਂਗੀਲੜੇ ਮੋਹਨ ਲਾਲ ਗੋਪਾਲ ਗੋਬਿੰਦ ਵਾਹਿਗੁਰੂ ਨੂੰ ਸਾਂਗੋ ਪਾਂਗ ਪੇਖਨ-ਹਾਰੇ ਅੰਮ੍ਰਿਤ-ਨਾਮ-ਗਟਕਾਰੀ ਗੁਰੂ ਨਾਨਕ ਵਰੋਸਾਏ ਗੁਰਮੁਖਿ ਜਨ, ਹੋਰ ਸਾਰੇ ਦੁਤੀਆ ਭਾਵ ਦੇ ਰਸਾਂ ਕਸਾਂ ਸੁਆਦਾਂ, ਗੀਤ ਨਾਦਾਂ, ਮੋਹ ਮਮਤਾ ਮਈ ਅਨੁਰਾਗ (ਤ੍ਰੈ ਗੁਣ ਮਾਇਆ ਦੇ ਪ੍ਰੀਤਿ ਬਿਪ੍ਰੀਤੀ ਪਿਆਰਾਂ) ਨੂੰ ਉੱਕਾ ਹੀ ਤਿਆਗ ਦਿੰਦੇ ਹਨ। ਵਾਹੁ ! ਵਾਹੁ !!–

ਤੇਰਾ ਜਨੁ ਰਾਮ ਨਾਮ ਰੰਗਿ ਜਾਗਾ ॥ ਆਲਸੁ ਛੀਜਿ ਗਇਆ ਸਭੁ ਤਨ ਤੇ
ਪ੍ਰੀਤਮ ਸਿਉ ਮਨੁ ਲਾਗਾ ॥੧॥ਰਹਾਉ॥ ਜਹ ਜਹ ਪੇਖਉ ਤਹ ਨਾਰਾਇਣ
ਸਗਲ ਘਟਾ ਮਹਿ ਤਾਗਾ ॥ ਨਾਮ ਉਦਕੁ ਪੀਵਤ ਜਨ ਨਾਨਕ ਤਿਆਗੇ ਸਭਿ
ਅਨੁਰਾਗਾ ॥੨॥੧੬॥੪੭॥ [ਧਨਾਸਰੀ ਮਹਲਾ ੫, ਪੰਨਾ ੬੮੨

ਇਹ ਗੁਰਵਾਕ ਕੈਸਾ ਪਰਥਾਇ ਘਟਿਆ ਹੈ। ਇਹੁ ਸਭੁ ਕਿਛੁ ਸਿਮਰਨ ਦੀ ਹੀ ਪਾਰਸ-ਕਲਾ ਦਾ ਪਰਤਾਪ ਹੈ, ਸਿਮਰਨ ਅੰਦਰ ਹੀ ਚਰਨ ਕੰਵਲ ਵਸਦੇ ਹਨ। ਸਿਮਰਨ ਅੰਦਰ ਹੀ ਸਭੇ ਥੋਕ ਹਨ। ਸਿਮਰਨ ਦੁਆਰਾ ਹੀ ਸਗਲ ਮਨੋਰਥ ਪੂਰਨ ਹੁੰਦੇ ਹਨ ਅਤੇ ਗੁਰਮਤਿ ਅੰਦਰਿ ਗੁਰਮੁਖ ਸਿਖ ਜਗਿਆਸੂ ਦੀ ਹਰ ਸਮੇਂ ਇਹੋ ਅਕਾਂਖਿਆ ਬਣੀ ਰਹਿੰਦੀ ਹੈ ਅਤੇ ਬਣੀ ਰਹਿਣੀ ਚਾਹੀਦੀ ਹੈ ਕਿ ਨਿਸ਼ਕਾਮ ਅਤੇ ਨਿਰ-ਇੱਛਤ ਹੋ ਕੇ ਕੇਵਲ ਗੁਰਮੰਤਰ, ਗੁਰਮਤਿ ਨਾਮ ਦਾ ਸਿਮਰਨ ਹੀ ਕਰੀ ਜਾਵੇ, ਸਿਮਰਨ-ਦਾਤੇ ਗੁਰੂ ਕਰਤਾਰ ਤੋਂ ਜਦ ਮੰਗ ਮੰਗੇ ਤਾਂ ਸਿਮਰਨ ਦੀ ਹੀ ਮੰਗੇ। ਹੋਰ ਸਾਰੇ ਮਨੋਰਥ ਇਸ ਮੰਗ ਦੇ ਪਿਛੇ ਸੁਤੇ ਸੁਭਾਵ ਹੀ ਲਗੇ ਤੁਰੇ ਆਉਂਦੇ ਹਨ, ਪਰੰਤੂ ਸਿਮਰਨ-ਸ਼ੈਦਾਈਆਂ (ਆਸ਼ਕਾਂ) ਦੀ ਸਭ ਤੋਂ ਵਡੀ ਅਰਥ-ਪ੍ਰਮਾਰਥੀ ਮੰਗ ਚਰਨ ਕੰਵਲਾਂ ਦੀ ਮਉਜ ਮਾਨਣ ਦੀ ਹੁੰਦੀ ਹੈ,



www.AKJ.Org

ਜੋ ਕੇਵਲ ਸਿਮਰਨ-ਕਮਾਈ ਦੁਆਰਾ ਹੀ ਪੂਰੀ ਹੁੰਦੀ ਹੈ। ਇਸ ਸਿਮਰਨ-ਅਕਾਂਖਿਆ ਦੀ ਇਸ ਅਗਲੇ ਗੁਰਵਾਕ ਵਿਖੇ ਸਤਿਗੁਰੂ ਨੇ ਸਾਨੂੰ ਸੋਹਣੀ ਜਾਚ ਸਿਖਾਈ ਹੈ :–

ਮਾਂਗਉ ਰਾਮ ਤੇ ਇਕੁ ਦਾਨੁ ॥
ਸਗਲ ਮਨੋਰਥ ਪੂਰਨ ਹੋਵਹਿ ਸਿਮਰਉ ਤੁਮਰਾ ਨਾਮੁ ॥੧॥ਰਹਾਉ॥
ਚਰਨ ਤੁਮ੍ਾਰੇ ਹਿਰਦੈ ਵਾਸਹਿ ਸੰਤਨ ਕਾ ਸੰਗੁ ਪਾਵਉ ॥ ਧਨਾਸਰੀ ਮਹਲਾ ੫, ਪੰਨਾ ੬੮੨

ਸਿਮਰਨ-ਕਲਾ ਦੁਆਰਾ ਚਰਨ ਕਮਲਾਰ ਦੇ ਰਿਦੈ ਉਦੋਤ ਹੋਣ ਸਾਰ, ਅੰਮ੍ਰਿਤ-ਰਸ-ਰਸਾਇਣੀ ਭੁੰਚਾਰ ਆਰੰਭ ਹੋ ਜਾਂਦੀ ਹੈ। ਅੰਮ੍ਰਿਤ-ਨਾਮ ਦਾ ਅੰਮ੍ਰਿਤ-ਸਰਸ਼ਾਰੀ-ਚਸ਼ਮਾ ਜਦੋਂ ਸਿਮਰਨ ਅਭਿਆਸ ਕਮਾਈ ਦੁਆਰਾ ਘਟ ਅੰਤਰਿ ਸਫੁਟ ਹੁੰਦਾ ਹੈ ਤਦੋਂ ਹੀ ਚਰਨ ਕੰਵਲਾਂ ਦਾ ਜ਼ਹੂਰ ਮਉਜਜ਼ਨ ਹੁੰਦਾ ਹੈ। ਯਥਾ ਗੁਰਵਾਕ :–

ਤਾ ਕਉ ਬਿਘਨੁ ਨ ਕੋਈ ਲਾਗੈ ਜੋ ਸਤਿਗੁਰਿ ਅਪੁਨੈ ਰਾਖੇ ॥
ਚਰਨ ਕਮਲ ਬਸੇ ਰਿਦ ਅੰਤਰਿ ਅੰਮ੍ਰਿਤ ਹਰਿ ਰਸੁ ਚਾਖੇ ॥੩॥
ਸੋਰਠਿ ਮਹਲਾ ੫, ਪੰਨਾ ੬੧੯

ਇਹੋ ਭਾਵ ਅਗਲਾ ਗੁਰਵਾਕ ਭੀ ਪ੍ਰੌੜ੍ਹਤਾ ਸਹਿਤ ਨਿਰੂਪਨ ਕਰਾਉਂਦਾ ਹੈ :–

ਚਰਨ ਕਮਲ ਸਿਉ ਜਾ ਕਾ ਮਨੁ ਲੀਨਾ ਸੇ ਜਨ ਤ੍ਰਿਪਤਿ ਅਘਾਈ ॥
ਗੁਣ ਅਮੋਲ ਜਿਸੁ ਰਿਦੈ ਨ ਵਸਿਆ ਤੇ ਜਨ ਤ੍ਰਿਸਨ ਤ੍ਰਿਖਾਈ ॥੨॥
ਹਰਿ ਆਰਾਧੇ ਅਰੋਗ ਅਨਦਾਈ ॥ ਧਨਾਸਰੀ ਮ: ੫, ਪੰਨਾ ੬੧੨

ਭਾਵ, ਹਰਿ ਸਿਮਰਨ (ਹਰਿ ਆਰਾਧਨ) ਕਰਿ, ਨਾਮ ਸਿਮਰਨਹਾਰਾ ਅਰੋਗ ਹੋ ਜਾਂਦਾ ਹੈ, ਅਤੇ ਸਰਬ-ਰੋਗ-ਰਹਿਤ ਹੋ ਕੇ ਅਨੰਦਤ ਹੋ ਜਾਂਦਾ ਹੈ। ਇਸ ਆਤਮ-ਆਨੰਦੀ-ਦਸ਼ਾ ਅੰਦਰ ਚਰਨ ਕੰਵਲ ਰਸ-ਜੋਤਿ ਸ਼ਗੂਫੇ ਦਾ ਅੰਕੂਰ ਆਨਿ ਪ੍ਰਗਟ ਹੁੰਦਾ ਹੈ। ਇਸ ਚਰਨ ਕੰਵਲ ਰਸ-ਜੋਤਿ ਆਨੰਦ ਵਿਚ ਜਿਸ ਅਭਿਆਸੀ ਜਨ ਦਾ ਮਨ ਲੀਨ ਹੋ ਜਾਂਦਾ ਹੈ, ਉਸ ਦੀਆਂ ਸਭ ਭੁੱਖਾਂ ਮਿਟ ਜਾਂਦੀਆਂ ਹਨ, ਉਹ ਇਸ ਚਰਨ ਕੰਵਲ ਰਸ-ਜੋਤਿ-ਲੀਨਤਾ ਵਿਚ ਹੀ ਤ੍ਰਿਪਤਿ ਹੋ ਕੇ ਰਜਿਆ ਰਹਿੰਦਾ ਹੈ। ਅਜਿਹੇ ਅਮੋਲ ਗੁਣਾਂ ਵਾਲਾ ਵਾਹਿਗੁਰੂ ਯਾ ਵਾਹਿਗੁਰੂ-ਨਾਮ ਜਿਸ ਦੇ ਹਿਰਦੇ ਵਿਚ ਨਹੀਂ ਵਸਿਆ, ਉਸ ਦੀ ਭੁਖ ਤ੍ਰਿਸ਼ਨਾ ਕਦੇ ਨਹੀਂ ਉਤਰਦੀ, ਉਹ ਸਦਾ ਹੀ ਤ੍ਰਿਖਾਲੂ ਤੇ ਤ੍ਰਿਸ਼ਨਾਲੂ ਹੀ ਬਣਿਆ ਰਹਿੰਦਾ ਹੈ, ਕਦੇ ਭੀ ਨਹੀਂ ਅਘਾਉਂਦਾ ਤ੍ਰਿਪਤਾਉਂਦਾ।

ਵਾਹਿਗੁਰੂ ਨਾਮ ਦਾ ਸਿਮਰਨਾ ਅਤੇ ਸਿਮਰੀ ਜਾਣਾ, ਚਰਨ ਕੰਵਲਾਂ ਦਾ ਮਨ ਵਿਚ ਉਤਾਰ ਕੇ ਖਿਨ ਖਿਨ ਰਸ ਲਈ ਜਾਣਾ ਹੈ। ਯਥਾ ਗੁਰਵਾਕ :–

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ ॥
ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ ॥੨॥੧੨॥੯੮॥
ਬਿਲਾਵਲੁ ਮਹਲਾ ੫, ਪੰਨਾ ੮੨੪

ਅਰਥਾਤ, ਸਿਮਰਨ-ਕਮਾਈ ਦੁਆਰਾ ਜਦੋਂ ਨਾਮ ਦਾ ਵਿਗਾਸ ਅੰਤਰਗਤਿ ਹੁੰਦਾ ਹੈ, ਤਦੋਂ ਹੀ ਚਰਨ ਕੰਵਲ ਰੂਪੀ ਜੋਤਿ ਵਿਗਾਸੀ ਜ਼ਹੂਰ ਅੰਤਰ-ਆਤਮੇ ਆਣ ਉਦੇ ਹੁੰਦਾ ਹੈ, ਤਦੋਂ ਇਸ ਪਦ ਪ੍ਰਗੜੇ ਸਿਮਰਨ-ਰਸ ਵਿਚ ਹੀ ਇਸ ਸੰਸਾਰ ਰੂਪੀ ਬਿਖਿਆਬਨ-ਘੋਰ ਨੂੰ ਅਨੰਦ ਸੇਤੀ ਗਾਹ ਸਿਟੀਦਾ ਹੈ ਅਤੇ ਸਿਮਰਨ ਦੀ ਇਸ ਅਵਸਥਾ ਵਿਖੇ ਹੀ ਚਰਨ ਕੰਵਲ, ਭਵ-ਸਾਗਰ ਤੋਂ ਪਾਰ ਉਤਰਨ ਲਈ ਬੋਹਿਥ ਰੂਪ ਹੋ ਕੇ ਪਰਗਟ ਤੇ ਪ੍ਰਾਪਤ ਹੁੰਦੇ ਹਨ। ਯਥਾ ਗੁਰਵਾਕ :–

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥੧॥
ਚਰਨ ਪ੍ਰਭੂ ਕੇ ਬੋਹਿਥੁ ਪਾਏ ਭਵ ਸਾਗਰੁ ਪਾਰਿ ਪਰਾਹੀ ॥
ਬਿਲਾਵਲੁ ਮਹਲਾ ੫, ਪੰਨਾ ੮੨੪


www.AKJ.Org

ਰਾਮ-ਰਸਾਇਣ-ਰਤੜੀ ਰਸਨਾ, ਨਾਮ ਨਿਧਾਨੀ ਚਰਨ ਕੰਵਲ ਦੇ ਰਸ-ਜੋਤਿ ਨਿਧਾਨ ਨੂੰ ਪਰਜੁਅਲਤ ਕਰਨਹਾਰੀ ਇਕ ਪਰਮ ਅਦਭੁਤ ਜੁਆਲਾ ਮੁਖੀ ਖਾਨ ਹੈ, ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :-

ਰਸਨਾ ਰਾਮ ਰਸਾਇਨ ਮਾਤੀ ॥
ਰੰਗਿ ਰੰਗੀ ਰਾਮ ਅਪਨੇ ਕੈ ਚਰਨ ਕਮਲ ਨਿਧਿ ਥਾਤੀ ॥ ਧਨਾਸਰੀ ਮ: ੫, ਪੰਨਾ ੬੮੧

ਗੁਰਮਤਿ ਨਾਮ ਇਕ ਪਾਰਸ ਰੂਪ ਰਸਾਇਣ ਹੈ। ਜਦ ਇਹ ਸਿਮਰਨ-ਜਾਪ ਅਭਿਆਸ-ਕਮਾਈ ਦੁਆਰਾ ਰਸਨਾ ਨਾਲ ਪਰਸਿਆ ਜਾਂਦਾ ਹੈ ਤਾਂ ਇਸ ਰਾਮ-ਰਸਾਇਨ-ਪਰਸੀਧੀ-ਰਸਨਾ ਤੋਂ ਰਸ-ਜੋਤਿ ਦੀ ਬਿਜਲੀ ਪ੍ਰਗਟ ਹੁੰਦੀ ਹੈ, ਤਾਂ ਇਹ ਉਸ ਰਸ-ਜੋਤਿ-ਬਿਜਲਾਣੀ-ਰੰਗਣ ਨਾਲ ਰੰਗੀ ਜਾਂਦੀ ਹੈ। ਇਸ ਰਸ-ਜੋਤਿ-ਬਿਜਲਾਣੀ-ਰੰਗਣ ਵਿਚ ਰੰਗੇ ਹੋਏ ਚਰਨ ਕੰਵਲ (ਪਾਰਬ੍ਰਹਮ ਪ੍ਰੀਤਮ ਜੋਤੀ ਸਰੂਪ ਵਾਹਿਗੁਰੂ ਦੇ) ਘਟ ਅੰਤਰ ਹੀ ਬਿਜਲ-ਦਮਕਾਣੀ-ਆਭਾ ਮਾਰ ਉਠਦੇ ਹਨ, ਇਸ ਬਿਧ ਇਹ ਰਾਮ ਰਸਾਇਣ ਮਾਤੀ ਰੰਗ ਰਾਤੀ ਰਸਨਾ, ਚਰਨ ਕੰਵਲ ਨਿਧਿ ਥਾਤੀ ਬਣ ਜਾਂਦੀ ਹੈ। ਬਣਨੀ ਤਾਂ ਸੀ, ਜਦ ਇਸ ਰਸਨਾ ਦੁਆਰਾ ਨਾਮ ਦਾ ਸਿਮਰਨ ਕਰ ਕਰ ਕੇ ਨਾਮ-ਅਭਿਆਸੀ ਨੂੰ ਨਾਮ ਸਿਮਰਨ ਦਾ ਪਹਿਲਾ ਪਰਤੱਖ ਤਜਰਬਾ :-

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਸੀਤਲ ਤਨੁ ਮਨੁ ਛਾਤੀ ॥ [ਪੰਨਾ ੬੮੧

ਵਾਲਾ ਆਣ ਹਡੀਂ ਵਰਤਦਾ ਹੈ, ਅਰਥਾਤ, ਨਾਮ ਦੀ ਕਮਾਈ ਦੇ ਸਫੁਟ ਅਤੇ ਪਰਫੁਲਤ ਹੋਣ ਦਾ ਪਹਿਲਾ ਸ਼ਗਨ ਇਹ ਹੁੰਦਾ ਹੈ ਕਿ ਨਾਮ ਸਿਮਰਨ ਕਮਾਈਆ ਵਾਲੇ ਦਾ ਤਨ, ਮਨ, ਜੀਉ, ਹੀਅੜਾ ਅਤੇ ਛਾਤੀ ਸੀਨੜਾ ਸਭਿ ਸੀਤਲ ਹੋ ਜਾਂਦੇ ਹਨ। ਜਿਸ ਸੀਤਲਤਾ ਨੂੰ ਕੋਈ ਸੀਤਲਤਾ ਨਹੀਂ ਪੁਜ ਸਕਦੀ।

"ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ" ਹੈ ਅਤੇ ਇਸ ਸੀਤਲਤਾ ਦੀ ਸੁਖ-ਸੰਪਟੀ ਮਉਜ ਭੀ ਅਕਥਨੀਯ ਹੈ। ਗੱਲ ਕੀ, ਨਾਮ-ਸਿਮਰਨ-ਕਲਾ ਦੇ ਪਾਰਸ-ਪ੍ਰਸਨੀ-ਦਿਬ-ਲਤੀਫੀ ਚਰਨ ਕੰਵਲਾਂ ਦੇ ਭਜਨ ਸੇਵਨਹਾਰੇ ਗੁਰਮੁਖਾਂ ਦੇ ਸੁਖ-ਫਲ ਦੀ ਮਹਿਮਾ ਅਗਾਧ ਬੋਧ ਹੈ, ਜੈਸਾ ਕਿ ਭਾਈ ਸਾਹਿਬ ਭਾਈ ਗੁਰਦਾਸ ਜੀ ਦੇ ਹੇਠ ਲਿਖੇ ਕਬਿੱਤ ਭਲੀ ਪ੍ਰਕਾਰ ਨਿਰੂਪਨ ਕਰਦੇ ਹਨ :-

(੧) ਚਰਨ ਕਮਲ ਭਜਿ ਕਮਲ ਪ੍ਰਗਾਸ ਭਏ, ਦਰਸ ਦਰਸਿ ਸਮਦਰਸ ਦਿਖਾਏ ਹੈ ॥
ਸਬਦ ਸੁਰਤਿ ਅਨਹਦ ਲਿਵਲੀਨ ਭਏ, ਉਨਮਨ ਮਗਨ ਗਗਨਪੁਰ ਛਾਏ ਹੈ ॥
ਪ੍ਰੇਮ ਰਸ ਬਸਿ ਹੋਇ ਬਿਸਮ ਬਿਦੇਹ ਭਏ, ਅਤਿ ਅਸਚਰਜ ਮੈ ਹੇਰਤ ਹਿਰਾਏ ਹੈ ॥
ਗੁਰਮੁਖਿ ਸੁਖ ਫਲ ਮਹਿਮਾ ਅਗਾਧਿ ਬੋਧਿ, ਅਕਥ ਕਥਾ ਬਿਨੋਦ ਕਹਤ ਨ ਆਏ ਹੈ ॥੩੩॥

(੨) ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਨਿਜ ਘਰ ਸਹਜ ਸਮਾਧ ਲਿਵ ਲਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਗੁਰਮਤਿ ਰਿਦੇ ਜਗਮਗ ਜੋਤਿ ਜਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਅੰਮ੍ਰਿਤ ਨਿਧਾਨ ਪਾਨ ਦੁਰਮਤਿ ਭਾਗੀ ਹੈ ॥
ਚਰਨ ਕਮਲ ਮਕਰੰਦ ਰਸ ਲੁਭਤ ਹੁਇ, ਮਾਇਆ ਮੈ ਉਦਾਸ ਬਾਸ ਬਿਰਲੋ ਬੈਰਾਗੀ ਹੈ ॥੬੮॥

(੩) ਚਰਨ ਕਮਲ ਕੋ ਮਹਾਤਮ ਅਗਾਧਿ ਬੋਧਿ, ਅਤਿ ਅਸਚਰਜ ਮੈ ਨਮੋ ਨਮੋ ਨਮ ਹੈ ॥
ਕੋਮਲ ਕੋਮਲਤਾ ਅਉ ਸੀਤਲ ਸੀਤਲਤਾ ਕੈ,ਬਾਸਨਾ ਸੁਬਾਸ ਤਾਸੁ ਦੁਤੀਆ ਨ ਸਮ ਹੈ ॥
ਸਹਜ ਸਮਾਧਿ ਨਿਜ ਆਸਨ ਸਿੰਘਾਸਨ ਮੈ,ਸ੍ਵਾਦ ਬਿਸਮਾਦ ਰਸ ਗੰਮਤਾ ਅਗਮ ਹੈ ॥
ਰੂਪ ਕੈ ਅਨੂਪ ਰੂਪ ਮਨ ਮਨਸਾ ਥਕਤ, ਅਕਥ ਕਥਾ ਬਿਨੋਦ ਬਿਸਮੈ ਬਿਸਮ ਹੈ ॥੮੦॥

(੪) ਚਰਨ ਕਮਲ ਮਕਰੰਦ ਰਸ ਲੁਭਿਤ ਹੁਇ, ਸਹਜ ਸਮਾਧਿ ਸੁਖ ਸੰਪਟ ਸਮਾਨੇ ਹੈ ॥
ਭੈਜਲ ਭਯਾਨਕ ਲਹਿਰ ਨ ਬਿਆਪਿ ਸਕੈ,ਦੁਬਿਧਾ ਨਿਵਾਰਿ ਏਕ ਟੇਕ ਠਹਿਰਾਨੇ ਹੈ ॥
ਦ੍ਰਿਸਟਿ ਸਬਦ ਸੁਰਤਿ ਬਰਜਿ ਬਿਸਰਜਿਤ, ਪ੍ਰੇਮ ਨੇਮ ਬਿਸਮ ਬਿਸ੍ਵਾਸ ਉਰਿ ਆਨੇ ਹੈ ॥
ਜੀਵਨ ਮੁਕਤਿ ਜਗਿ ਜੀਵਨ ਜੀਵਨ ਮੂਲ, ਆਪਾ ਖੋਇ ਹੋਇ ਅਪਰੰਪਰ ਪਰਾਨੇ ਹੈ ॥੯੨॥


www.AKJ.Org

ਕਿਰਤਮ ਨਾਮ ਤੋਂ ਨਿਰਾਲਮ ਤੇ ਨਿਖਾਲਸ ਗੁਰਮੰਤ੍ਰ (ਗੁਰਮਤਿ ਨਾਮ) ਦੇ ਜਪਣਹਾਰੇ ਗੁਰੂ ਨਾਨਕ ਸਾਹਿਬ ਦੇ ਦਰੋਂ ਘਰੋਂ ਵਰੋਸਾਏ ਗੁਰਮੁਖ ਸਿਖ ਸਦਾ ਚਰਨ ਕਮਲ ਸਰਨਾਈ ਰਹਿਣ ਦਾ ਫ਼ੈਜ਼ ਅਨੰਦ ਮਾਣਦੇ ਹਨ।

ਚਰਨ ਕਮਲ ਨਾਨਕ ਸਰਣਾਈ ਰਾਮ ਨਾਮ ਜਪਿ ਨਿਰਮਲ ਮੰਤ ॥੨॥੧੯॥੧੦੫॥ [ਪੰਨਾ ੮੨੫

ਗੁਰੂ ਵਾਹਿਗੁਰੂ ਦੇ ਚਰਨ ਕੰਵਲਾਂ ਨੂੰ ਜਪਣਾ ਅਤੇ ਵਾਹਿਗੁਰੂ ਨਾਮ ਨੂੰ ਜਪਣਾ ਬਿਲਕੁਲ ਸਮਸਰ ਅਰਥ ਬਿਵਸਥਾ ਵਿਚ ਅਭੇਦ ਰੂਪ ਹੈ। ਜੈਸਾ ਕਿ ਇਸ ਅਗਲੇ ਗੁਰਵਾਕ ਵਿਚ ਵਿਦਮਾਨ ਹੈ :-

ਉਦਮ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ ॥
ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥ ੧ ॥
ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥
ਪਾਰਬ੍ਰਹਮ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥੧॥ ਰਹਾਉ॥ [ਬਿਲਾਵਲ ਮ: ੫, ਪੰਨਾ ੫੮੧

ਭਾਵ-ਵਾਹਿਗੁਰੂ ਨਾਮ ਜਪਣ (ਸਿਮਰਨ ਕਰਨ) ਦੇ ਉਦਮ ਆਹਰ ਵਿਚ ਲਗਣਾ ਹੀ ਅਨੰਦ ਉਤਸ਼ਾਹ ਮਈ ਹੈ, ਅਤੇ ਨਾਮ ਦੇ ਖ਼ਾਸ ਸਿਮਰਨ ਜ਼ਾਪ ਵਿਚ ਜੁਟਣਾ ਤਾਂ ਤਤ-ਸਾਰ ਸੁਖ, ਸੁਖਾਂ ਸਿਰ ਸਾਰ ਸੁਖ ਉਪਜਾਇਕ ਪਾਰਸ ਰਸਾਇਣ ਹੈ। ਗੋਬਿੰਦ ਵਾਹਿਗੁਰੂ ਦਾ ਨਾਮ ਜਪ ਜਪ ਕੇ ਹੀ ਪੂਰਨ ਤੱਤ ਗੁਰਮਤਿ ਵੀਚਾਰ ਦੀ ਸੋਝੀ ਪੈਂਦੀ ਹੈ। ਨਾਮ ਜਪਣਾ ਹੀ ਤਤ ਵੀਚਾਰ, ਵੀਚਾਰਾਂ ਸਿਰ ਵੀਚਾਰ, ਸ਼ਿਰੋਮਣੀ ਵਿਚਾਰ ਹੈ।

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥ (੫੨)

ਗੁਰਵਾਕ ਦੇ ਭਾਵ ਅਨੁਸਾਰ ਭੀ ਇਹੋ ਸਿਧ ਹੁੰਦਾ ਹੈ ਕਿ ਸਤਿਗੁਰ ਦੇ ਬਚਨਾਂ ਦਾ ਕਮਾਵਣਾ ਹੀ ਸੱਚਾ ਵੀਚਾਰ ਹੈ ਅਤੇ ਸਤਿਗੁਰ ਦੇ ਬਚਨਾਂ ਦਾ ਕਮਾਵਣਾ ਨਾਮ ਅਭਿਆਸ ਕਮਾਈ ਕਰਨਾ ਹੀ ਹੈ। ਵਾਹਿਗੁਰੂ ਰੂਪ ਗੁਰੂ ਦੇ ਚਰਨ ਕੰਵਲਾਂ ਦਾ ਜਪਣਾ ਅਤੇ ਵਾਹਿਗੁਰੂ ਨਾਮ ਦਾ ਜਪਣਾ ਇਕ ਹੀ ਗੱਲ ਹੈ। ਤਾਂ ਹੀ ਤੇ ਵਾਹਿਗੁਰੂ ਮੂਰਤਿ ਸਤਿਗੁਰੂ ਦੇ ਚਰਨ ਕੰਵਲਾਂ ਦੇ ਭਉਰੇ ਅਤੇ ਵਾਹਿਗੁਰੂ ਨਾਮ ਦੇ ਜਾਪ ਦੇ ਮੁਸ਼ਤਾਕ ਸ਼ੈਦਾਈ ਚਰਨ ਕੰਵਲਾਂ ਨੂੰ ਜਪ ਜਪ ਕੇ, ਭਾਵ, ਵਾਹਿਗੁਰੂ ਨਾਮ ਨੂੰ ਜਪ ਜਪ ਕੇ ਹੀ ਜੀਉਂਦੇ ਹਨ। ਚਰਨ ਕੰਵਲਾਂ ਦਾ ਇਸ਼ਕ ਸ਼ਿਕੰਜਨੀ ਧਿਆਨ ਚਰਨ ਕੰਵਲੀਸ਼ਰ ਵਾਹਿਗੁਰੂ ਨਾਮ ਯਾ ਵਾਹਿਗੁਰੂ ਨੂੰ ਆਰਾਧਨ ਦੇ ਸਦਰਸ ਹੈ। ਤਾਂ ਹੀ ਤੇ ਉਪਰਲੇ ਗੁਰਵਾਕ ਅੰਦਰਿ "ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ" ਵਾਲੀ ਤੁਕ ਦੇ ਨਾਲ ਲਗਦੀ ਹੀ ਇਹ ਤੁਕ ਉਚਰਣਤ ਹੈ- "ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥" (੮੧੫)

ਪਾਰਬ੍ਰਹਮ ਪਰਮੇਸ਼ਰ ਵਾਹਿਗੁਰੂ ਨੂੰ ਆਰਾਧਨ ਕਰ ਕੇ ਭੀ ਮੁਖਿ ਅੰਮ੍ਰਿਤ ਪੀਵੀਦਾ ਹੈ ਅਤੇ ਚਰਨ ਕੰਵਲਾਂ ਦਾ ਆਰਾਧਨ ਭੀ ਅੰਮ੍ਰਿਤ ਰਸ ਗਟਾਕਾਂ ਨੂੰ ਪੀਆਵਨ ਚਖਾਵਨਹਾਰਾ ਹੈ, ਜੈਸਾ ਕਿ ਪਿਛੇ ਸਿਧ ਹੋ ਚੁਕਾ ਹੈ। ਤਾਂ ਤੇ ਦੋਹਾਂ ਅਰਾਧਨੀਯ ਪਦਾਰਥਾਂ ਦਾ ਪਰਮਾਰਥ ਇਕੋ ਹੀ ਹੈ। ਇਹ ਸਭ ਅੰਮ੍ਰਿਤ-ਨਾਮ ਦੀਆਂ ਪਾਰਸ-ਕਮਾਈਆਂ ਦੇ ਹੀ ਜ਼ਹੂਰ ਚਮਤਕਾਰੇ ਹਨ।

ਗੁਣੀ ਗੁਣਤਾਸ ਵਾਹਿਗੁਰੂ ਅਕਾਲ ਪੁਰਖ ਦੇ ਚਰਨ ਕੰਵਲਾਂ ਦੀ ਟੇਕ, ਨਾਭ ਸੁਆਸ ਟੇਕਨੀ ਟੇਕ, ਹੀਰੇ ਹੀਰ ਬੇਧੰਨੀ ਟੇਕ, ਰਸ-ਜੋਤਿ-ਜੋਤੰਨੀ ਟੇਕ, ਰਸ-ਲਿਵਨ-ਖਿਵੰਨੀ ਟੇਕ, ਲਿਵ-ਖਿਵੰਨ-ਬਿਸਮੰਨੀ ਟੇਕ, ਨਾਮ ਸਿਮਰਨ ਅਤੇ ਕੀਰਤਨ ਦੇ ਲਾਹੇ, ਹੋਰੋ ਹੋਰ ਲਾਹੇ ਲੈਣ ਲਈ ਤੇ ਲੈਂਦੇ ਰਹਿਣ ਲਈ ਖਿਨ-ਖਿਨੀ ਉਮਾਹੇ ਉਪਜਾਉਂਦੀ ਹੈ। ਸੋਈ ਭਾਵ ਇੰਨ ਬਿੰਨ ਇਹ ਗੁਰਵਾਕ ਨਿਰੂਪਨ ਕਰਾਉਂਦਾ ਹੈ :-

ਚਰਨ ਕਮਲ ਕਾ ਆਸਰਾ ਪ੍ਰਭ ਪੁਰਖ ਗੁਣਤਾਸੁ ॥
ਕੀਰਤਨ ਨਾਮੁ ਸਿਮਰਤ ਰਹਉ ਜਬ ਲਗੁ ਘਟਿ ਸਾਸੁ ॥੧॥ਰਹਾਉ॥ [ਪੰਨਾ ੮੧੮

ਤਾਂ ਤੇ ਜਬ ਲਗ ਘਟ ਅੰਤਰਿ ਸੁਆਸ ਵਗਦੇ ਹਨ, ਚਰਨ ਕੰਵਲਾਂ ਦੇ ਮਉਜ-ਮਸਤ-ਭੰਵਰੇ ਕੀਰਤਨ-ਰੰਗਾਂ ਅਤੇ ਨਾਮ-ਅਭਿਆਸ-ਤ੍ਰੰਗਾਂ ਦੇ ਵਜਦ ਵਿਚ ਹੀ ਮਸਤਾਨੇ ਰਹਿੰਦੇ ਹਨ। ਚਰਨ ਕੰਵਲਾਂ ਦੀ ਦਰਸ-


www.AKJ.Org

ਲੀਨਤਾ ਵਿਚ ਮਗਨ ਹੋ ਕੇ ਜ਼ੋਰੋ ਜ਼ੋਰ ਕੀਰਤਨ, ਨਾਮ ਅਭਿਆਸ ਦਾ ਖੰਡਾ ਖੜਕਾਉਂਦੇ ਹਨ ਅਤੇ ਇਕ ਸੁਆਸ ਭੀ ਬਿਰਥਾ ਨਹੀਂ ਜਾਣ ਦਿੰਦੇ। ਦੇਖੋ ਅਗਲਾ ਗੁਰਵਾਕ ਚਰਨ ਕੰਵਲਾਂ ਨੂੰ ਰਿਦੈ ਧਿਆਉਣ ਦੀ ਗਤਿ ਮਿਤ ਨੂੰ ਕੈਸਾ ਦ੍ਰਿੜਾਉਂਦਾ ਹੈ :–

ਚਰਨ ਕਮਲ ਪ੍ਰਭ ਹਿਰਦੈ ਧਿਆਏ ॥ ਰੋਗ ਗਏ ਸਗਲੇ ਸੁਖ ਪਾਏ ॥
ਗੁਰਿ ਦੁਖੁ ਕਾਟਿਆ ਦੀਨੋ ਦਾਨੁ ॥ ਸਫਲ ਜਨਮੁ ਜੀਵਨ ਪਰਵਾਨੁ ॥੧॥ਰਹਾਉ॥
ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ ॥ ਕਹੁ ਨਾਨਕ ਜਪਿ ਜੀਵੈ ਗਿਆਨੀ ॥੨॥੨॥੨੦॥

[ਬਿਲਾਵਲ ਮ: ੫, ਪੰਨਾ ੮੦੬

ਇਸ ਗੁਰਵਾਕ ਦੇ ਭਾਵ ਤੋਂ ਇਹ ਗੁਰਮਤਿ ਗੂੜ੍ਹ ਭੇਦ ਖੁਲ੍ਹਦੇ ਹਨ : ਨਾਮ ਸਿਮਰਨ ਦੀ ਪਾਰਸ-ਚੁੰਭਕੀ-ਕ੍ਰਿਸ਼ਮ-ਕਮਾਈ ਕਰਿ ਹਿਰਦੇ ਪ੍ਰਗਟਾਏ, ਹਿਰਦੇ ਰਸ ਰਸਾਏ, ਹਿਰਦੇ ਜੋਤਿ ਜਗਨਾਏ, ਚਰਨ ਕੰਵਲਾਂ ਦਾ ਧਿਆਨ ਆਰਾਧਨ ਕਰਨਾ ਸਗਲੇ ਰੋਗਾਂ ਦਾ ਬਿਨਾਸਨਹਾਰਾ ਅਤੇ ਸਮੂਹ ਸੁਖਾਂ ਦਾ ਪ੍ਰਕਾਸ਼ਨ-ਹਾਰਾ ਹੈ। ਗੁਰੂ ਸਾਹਿਬ ਨੇ ਅਪਾਰ ਕਿਰਪਾ ਧਾਰੀ ਹੈ ਕਿ ਆਪਣੇ ਗੁਰਸਿਖ ਸੇਵਕ ਪਿਆਰਿਆਂ ਅਭਿਆਸੀ ਜਨਾਂ ਨੂੰ ਨਾਮ ਸਿਮਰਨ ਦੇ ਦਾਨ ਚਰਨ ਕੰਵਲਾਂ ਦੇ ਧਿਆਨ-ਦਾਨ ਦੀ ਦਾਤਿ ਬਖਸ਼ੀ ਹੈ। ਜਿਸ ਦਾਨ ਦਾਤਾਰਨੀ ਬਖਸ਼ਿਸ਼ ਦੁਆਰਾ ਗੁਰੂ ਸਾਹਿਬ ਨੇ ਆਪਣੇ ਸਿਖਾਂ ਦਾ ਜਨਮ ਮਰਨ ਦਾ ਦੁਖ ਕਟ ਦਿਤਾ ਹੈ ਅਤੇ ਇਸ ਦਾਤਿ ਕਰਕੇ ਉਹਨਾਂ ਦਾ ਜੀਵਨ ਸਫਲਾ ਹੋ ਗਿਆ ਹੈ ਅਤੇ ਹਰਿ ਦਰਗਹ ਪਰਵਾਨ ਪਿਆ ਹੈ। [ਪੁਸਤਕ 'ਚਰਨ ਕਮਲ ਕੀ ਮਉਜ' ਵਿਚੋਂ

## ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਤਰੀਕਵਾਨ ਜੀਵਨ

| | |
|---|---|
| ਜਨਮ ਪਿਤਾ ਸ: ਨੱਥਾ ਸਿੰਘ ਅਤੇ ਮਾਤਾ ਪੰਜਾਬ ਕੌਰ ਦੇ ਗ੍ਰਿਹਿ ਨਾਰੰਗਵਾਲ ਵਿਖੇ | ੭ ਜੁਲਾਈ ੧੮੭੮ |
| ਬੀ. ਏ. ਪਾਸ ਕੀਤੀ ਈਸਵੀ ੧੯੦੦ ਨਾਇਬ ਤਸੀਲਦਾਰੀ | ਈਸਵੀ ੧੯੦੨ |
| ਅੰਮ੍ਰਿਤ ਛਕਣਾ–ਬਕਾਪੁਰ ਤਸੀਲ ਫਿਲੌਰ ਵਿਖੇ (ਪਹਿਲਾ ਨਾਮ ਬਸੰਤ ਸਿੰਘ) | ੧੪ ਜੂਨ ੧੯੦੩ |
| ਸਰਬ ਲੋਹ ਧਾਰਨ ਕਰਨਾ ਈਸਵੀ ੧੯੦੪ ਐਬਟਾਬਾਦ ਵਿਖੇ ਅਕਾਲੀ ਜੋਤਿ ਦੇ ਦਰਸ਼ਨ | ੨੩ ਨਵੰਬਰ ੧੯੦੪ |
| ਦੋ ਅਖੰਡਪਾਠ ਇਕ ਚੌਂਕੜੇ ਵਿਚ ਸ੍ਰਵਣ ਕਰਨੇ– ਭੋਗ ੨੩ ਨਵੰਬਰ ੧੯੦੪ ਅਤੇ | ੧੩ ਜਨਵਰੀ ੧੯੦੫ |
| ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਹੋਸਟਲ ਸੁਪ੍ਰਿੰਟੈਂਡੈਂਟ | ਈਸਵੀ ੧੯੦੫ |
| ਖਾਲਸਾ ਦੀਵਾਨ ਦਮਦਮਾ ਸਾਹਿਬ ਦੀ ਨੀਂਹ | ਈਸਵੀ ੧੯੦੮ |
| ਬਾਊ ਮੱਲ ਸਿੰਘ ਜੀ ਨਾਲ ਪਹਿਲਾ ਮਿਲਾਪ ਭਸੌੜ ਖਾਲਸਾ ਦੀਵਾਨ ਵਿਖੇ | ਈਸਵੀ ੧੯੧੦ |
| ਖਾਲਸਾ ਭੁਜੰਗੀ ਸਭਾ ਲੁਧਿਆਣਾ ਦੇ ਸਮਾਗਮਾਂ ਵਿਚ | ੧੯੦੯ ਤੋਂ ੧੯੧੪ |
| ਚਮਕੌਰ ਸਾਹਿਬ ਪੁਰ ਪੰਥਕ ਕਬਜ਼ਾ ਕਰਵਾਇਆ ਤੇ ਗੁ: ਰਕਾਬਗੰਜ ਦੀ ਕੰਧ | ਈਸਵੀ ੧੯੧੪ |
| ਗ਼ਦਰ ਸਕੀਮ ਅਤੇ ਫ਼ੀਰੋਜ਼ਪੁਰ ਛਾਉਣੀ ਕਿਲ੍ਹੇ ਤੇ ਧਾਵਾ ਕਰਨ ਲਈ ਜਥੇ ਸਮੇਤ ਗਏ | ੧੯ ਫ਼ਰਵਰੀ ੧੯੧੫ |
| ਨਾਭੇ ਵਿਚ ਨਜ਼ਰਬੰਦ ੯ ਮਈ ੧੯੧੫ ਗ੍ਰਿਫਤਾਰ ਕਰ ਕੇ ਲੁਧਿਆਣੇ ਹਵਾਲਾਤ ਵਿਚ | ੧੭ ਜੂਨ ੧੯੧੫ |
| ਦੂਜੇ ਲਾਹੌਰ ਸਾਜ਼ਸ਼ ਕੇਸ ਵਿਚ ਬਗਾਵਤ ਦੇ ਦੋਸ਼ ਵਿਚ ਉਮਰ ਕੈਦ ਤੇ ਜਾਇਦਾਦ ਜ਼ਬਤੀ | ੩੦ ਮਾਰਚ ੧੯੧੬ |
| ਮੁਲਤਾਨ ਜੇਲ੍ਹ ਵਿਚ ਅੰਨ-ਜਲ ਤੋਂ ਬਿਨਾਂ ੪੦ ਦਿਨਾਂ ਦੀ ਕਰੜੀ ਭੁਖ ਹੜਤਾਲ | ੪ ਅਪ੍ਰੈਲ ਤੋਂ ੧੩ ਮਈ ੧੯੧੬ |
| ਹਜ਼ਾਰੀ ਬਾਗ ਜੇਲ੍ਹ ਵਿਚ ਜੁਲਾਈ ੧੯੧੭ ਰਾਜਮੰਦਰੀ ਜੇਲ੍ਹ ਵਿਚ | ਅਕਤੂਬਰ ੧੯੨੧ |
| ਨਾਗਪੁਰ ਜੇਲ੍ਹ ਵਿਚ ੧ ਦਸੰਬਰ ੧੯੨੨ ਤਸੀਹੇ ਦਿਤੇ ਜਾਣ ਤੇ ਪੰਥ ਵਲੋਂ ਅਰਦਾਸ ਦਿਵਸ | ੧ ਫ਼ਰਵਰੀ ੧੯੨੩ |
| ਲਾਹੌਰ ਸੈਂਟਰਲ ਜੇਲ੍ਹ ਤੋਂ ਰਿਹਾਈ ਤੇ ਭਗਤ ਸਿੰਘ ਨਾਲ ਮੁਲਾਕਾਤ | ੪ ਅਕਤੂਬਰ ੧੯੩੦ |
| ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਹੁਕਮਨਾਮੇ ਤੇ ਸਿਰੋਪਾ ਦੀ ਬਖ਼ਸ਼ਸ਼ | ੧੫ ਸਤੰਬਰ ੧੯੩੧ |
| ਅਕਾਲ ਚਲਾਣਾ-੭੯-ਮਾਡਲ ਟਾਊਨ, ਲੁਧਿਆਣਾ ਵਿਖੇ ਸਵੇਰੇ ਸਾਢੇ ਸਤ ਵਜੇ | ੧੬ ਅਪ੍ਰੈਲ ੧੯੬੧ |



www.AKJ.Org

# ਭਾਈ ਸਾਹਿਬ ਜੀ ਦੀ ਭਾਈ ਹੀਰਾ ਸਿੰਘ ਚਰੜ ਨਾਲ ਗੱਲਬਾਤ

## [ਸੋਨਾ ਬਣਾਉਣ ਦੀ ਅਜੀਬ ਕਥਾ]

ਦਿਨ ਚੜ੍ਹਦੇ ਹੀ ਮੈਨੂੰ ਅਤੇ ਭਾਈ ਹੀਰਾ ਸਿੰਘ ਚਰੜ ਹੋਰਾਂ ਨੂੰ ਪਹਿਲੇ ਬਲਾਕ ਵਿਚੋਂ ਕਢ ਕੇ ਬੰਗਾਲੀਆਂ ਨਮਿਤ ਰਖੇ ਇੱਕ ਖ਼ਾਲੀ ਸਪੈਸ਼ਲ ਸੈਲ ਬਲਾਕ ਵਿਚ ਲੈ ਗਏ। ਸਾਨੂੰ ਦੋਹਾਂ ਨੂੰ ਹੀ ਉਨ੍ਹਾਂ ਫਿਟੜੀਆਂ ਦੇ ਫਟ ਸਮਝਿਆ ਸੀ। ਅਸੀਂ ਉਥੇ ਜਾ ਕੇ ਹੋਰ ਭੀ ਅਨੰਦ ਹੋਏ। ਕਈ ਵਿਘਿਆਂ ਦਾ ਖੁਲ੍ਹਾ ਹਾਤਾ। ਚਾਰਦੀਵਾਰੀ ਵੇਹੜੇ ਵਾਗਲੇ ਤੋਂ ਰਹਿਤ ਖੁਲ੍ਹੇ ਬਰਾਂਡੇ ਵਾਲੀਆਂ ਤੀਹ ਚਾਲੀ ਕੋਠੀਆਂ। ਪ੍ਰਸ਼ਾਦਾ ਸਜਾਉਣ ਲਈ ਬਾਹਰਵਾਰ ਲੰਗਰ-ਅਸਥਾਨ ਬਰਾਮਦੇ ਵਿਚ ਹੀ। ਹੋਰ ਸਭ ਕੋਠੀਆਂ ਖ਼ਾਲੀ। ਏਵਡ ਗੁੰਜਾਨ ਗੁਫ਼ਾ ਉਦਿਆਨੀ ਹਾਤੇ ਵਿਚ ਅਸੀਂ ਦੋਨੋਂ ਹੀ ਗੂੰਜੀਏ ਗੱਜੀਏ। ਕੀਰਤਨ ਕਥਾ ਵਾਰਤਾਲਾਪ ਦੇ ਪ੍ਰਸਪਰ ਲਾਹੇ ਲਈਏ ਲਵਾਈਏ।

ਭਾਈ ਹੀਰਾ ਸਿੰਘ ਜੀ ਬੜੇ ਪੁਰਾਤਨ ਪਰਉਪਕਾਰੀ ਸਜਨ ਸਨ, ਏਨ੍ਹਾਂ ਨੇ ਦੇਸ਼ ਭਗਤੀ ਨਮਿਤ ਪਰਉਪਕਾਰ ਕਰੇਂਦਿਆਂ ਬੜੀਆਂ ਬੜੀਆਂ ਬਿਕ੍ਰਾਲ ਮੁਸੀਬਤਾਂ ਝੱਲੀਆਂ ਸਨ। ਐਥੇ ਤਾਈਂ ਕਿ ਏਨ੍ਹਾਂ ਦਾ ਸਰੀਰ ਅਤਿਅੰਤ ਹੀ ਖੀਨ ਖੁਰੀਨ ਅਤੇ ਜ਼ਰੀਨ ਜਜ਼ਰੀਨ ਹੋ ਚੁਕਾ ਸੀ। ਕਈ ਲੱਖਾਂ ਦੀ ਜਾਇਦਾਦ ਏਹਨਾਂ ਦੀ ਖਸਤਾ ਖਰਾਬ ਹੋ ਚੁਕੀ ਸੀ। ਫੇਰ ਭੀ ਅਜ ਲੱਖਾਂ ਦੇ ਮਾਲਕ ਸਨ, ਪਰ ਇਨ੍ਹਾਂ ਦੀ ਸਿਹਤ ਬਿਲਕੁਲ ਰਹਿ ਚੁਕੀ ਹੋਈ ਸੀ। ਜਗ ਜੀਵਨ ਦੀ ਆਸ ਉੱਕੀ ਹੀ ਮਿਟ ਗਈ ਹੋਈ ਸੀ। ਏਨ੍ਹਾਂ ਦੀ ਬਹੁਤ ਚਿਰਾਂ ਦੀ ਤੀਬਰ ਲੋਚਾ ਸੀ ਕਿ ਕੋਈ ਇਕਾਂਤ ਸਮਾਂ ਮਿਲੇ ਤਾਂ ਜਿਗਰ ਦੀਆਂ ਘੁੰਡੀਆਂ ਮੇਰੇ ਕੋਲ ਖੋਲ੍ਹਣ। ਸੋ ਇਹ ਅਵਸਰ ਉਨ੍ਹਾਂ ਦੀ ਸੁਹਿਰਦ ਸ਼ਰਧਾ-ਭਾਵਨੀ ਕਰ ਕੇ ਹੀ ਆਣ ਪ੍ਰਾਪਤ ਹੋਇਆ। ਕੋਲੋ ਕੋਲੀ ਹੀ ਅਸਾਡੀਆਂ ਕੋਠੀਆਂ ਸਨ। ਇਕ ਰਾਤ ਅਵਸਰ ਪਾ ਕੇ ਜਦ ਏਨ੍ਹਾਂ ਮੈਨੂੰ ਸ਼ਬਦ (ਨਾਮ ਅਭਿਆਸ) ਧੁੰਨੀ ਵਿਚ ਮਸਤ ਬੈਠੇ ਪ੍ਰਤੀਤ ਕੀਤਾ ਤਾਂ ਇਨ੍ਹਾਂ ਆਪਣੇ ਪ੍ਰਮਾਰਥ ਪੰਥ ਵੈਰਾਗ ਦੀ ਕਥਾ ਛੇੜੀ ਅਤੇ ਵੈਰਾਗ ਪੂਰਤ ਨੀਰ ਉਤਕੰਠ ਹੋ ਕੇ ਝੀਣੇ ਵੈਣ ਕਹਿਣ ਲਗੇ ਕਿ ਮੈਨੂੰ ਚਿਰੰਕਾਲ (ਵਰ੍ਹਿਆਂ ਬੱਧੀ) ਬਤੀਤ ਹੋ ਗਏ ਭਜਨ-ਅਭਿਆਸ ਕਰਦਿਆਂ, ਪਰ ਮੈਂ ਕੋਰੇ ਦਾ ਕੋਰਾ ਹੀ ਰਿਹਾ ਹਾਂ। ਹੁਣ ਜੀਵਨੇ ਦਾ ਸਾਹਸ ਭੀ ਬਾਕੀ ਨਹੀਂ।

**ਸੋਹੰ ਦਾ ਜਾਪ ਤੇ ਗੁਰਮਤਿ ਨਾਮ ਦਾ ਜਾਪ—**

ਦਾਸ ਨੇ ਉਨ੍ਹਾਂ ਪ੍ਰਤੀ ਪ੍ਰੇਮ ਦ੍ਰਵੀ ਹੋ ਕੇ ਆਖਿਆ ਕਿ ਵੀਰ ਜੀ, ਤੁਸੀਂ ਕਸੂਤੇ ਵਹਿਣ ਪਏ ਜਾਪਦੇ ਹੋ। ਜਿਸ ਨੂੰ ਤੁਸੀਂ ਭਜਨ-ਅਭਿਆਸ ਆਖਦੇ ਹੋ ਉਹ ਤਾਂ ਭਜਨ ਹੀ ਨਹੀਂ ਅਤੇ ਗੁਰਮਤਿ ਨਾਮ ਅਭਿਆਸ ਭਗਤੀ ਤੋਂ ਕੋਸੋਂ ਦੂਰ, ਬਲਕਿ ਐਨ ਉਲਟ ਹੈ। ਤੁਸੀਂ 'ਸੋਹੰ' ਦਾ ਅਭਿਆਸ ਕਰਦੇ ਹੋ, ਸੋ ਇਸ ਨਾਲ ਤਾਂ ਹੰਗਤਾ ਹੀ ਵਧਣੀ ਸੀ। ਵੀਰ ਹੀਰਾ ਸਿੰਘ ਜੀ ਇਹ ਸੁਣ ਕੇ ਠਠੰਬਰ ਗਏ ਅਤੇ ਹੈਰਤ ਵਿਚ ਆ ਕੇ ਆਖਣ ਲਗੇ ਕਿ ਭਾਈ ਸਾਹਿਬ ਜੀ, ਤੁਹਾਨੂੰ ਕਿਵੇਂ ਪਤਾ ਲਗਿਆ ਕਿ ਮੈਂ 'ਸੋਹੰ' ਦਾ ਅਭਿਆਸ ਕਰਦਾ ਹਾਂ, ਮੈਂ ਤਾਂ ਅਜ ਤਾਈਂ ਕਿਸੇ ਨੂੰ ਜਤਾਇਆ ਹੀ ਨਹੀਂ ਅਤੇ ਪਤਾ ਹੀ ਨਹੀਂ ਲਗਣ ਦਿਤਾ ਕਿ ਕਦੋਂ ਦਾ ਮੈਂ 'ਸੋਹੰ' ਦਾ ਅਭਿਆਸੀ ਹਾਂ। ਤੁਸੀਂ ਕਿਸ ਬਿਧ ਜਾਣਿਆ ? ਤਾਂ ਮੈਂ ਆਖਿਆ, ਇਹ ਗੁਰਮਤਿ ਨਾਮ ਅਭਿਆਸ ਕਲਾ ਦੀ ਬਰਕਤ ਹੈ। ਜਿਸ ਪ੍ਰਤਾਪ ਕਰ ਸੁਖੈਨ ਹੀ ਆਪ ਦੀ ਅੰਤਰ ਬਿਰਤੀ ਬੁਝੀ ਗਈ। ਗੁਰਮਤਿ ਨਾਮ ਅਭਿਆਸੀਆਂ ਨੂੰ ਆਪਣੇ ਨਿਕਟਵਰਤੀ ਜਗਿਆਸੂਆਂ ਦੀ ਅੰਤਰਗਤੀ ਦੇ ਬਿਰਤੰਤ ਸਹਿਜ ਸੁਭਾਵ ਹੀ ਪ੍ਰਗਟ ਪਾਹਾਰੇ ਜਾਪਣ ਲਗ ਪੈਂਦੇ ਹਨ, ਆਪ ਦੀ ਹਾਲਤ ਬੜੀ ਹੀ ਤਰਸ ਯੋਗ ਹੈ ਕਿ ਇਤਨਾ ਅਮੋਲਕ ਸਮਾਂ ਬਿਰਥੀ ਘਾਲਣਾ ਵਿਚ ਹੀ ਗੰਵਾਇਆ।

ਫੇਰ ਵੀਰ ਹੀਰਾ ਸਿੰਘ ਜੀ ਘਿਗਿਆ ਉਠੇ ਕਿ ਕਿਵੇਂ ਗੁਰਮਤਿ-ਨਾਮ ਦੀ ਪ੍ਰਾਪਤੀ ਹੋਵੇ। ਦਾਸ ਨੇ ਉਨ੍ਹਾਂ ਪ੍ਰਤੀ ਕੋਰੇ ਕਰਾਰੇ ਹੋ ਕੇ ਆਖ ਦਿਤਾ ਕਿ ਕੇਵਲ ਪੰਜਾਂ ਪਿਆਰਿਆਂ ਨੂੰ ਹੀ ਗੁਰਮਤਿ ਨਾਮ ਦ੍ਰਿੜ੍ਹਾਵਣ ਦਾ ਅਧਿਕਾਰ ਹੈ ਅਤੇ ਇਸ ਬਿਧ ਦ੍ਰਿੜ੍ਹਾਇਆ ਹੋਇਆ ਨਾਮ ਹੀ ਫਲੀਭੂਤ ਹੋ ਸਕਦਾ ਹੈ। ਬਿਰਧ ਹੀਰਾ ਸਿੰਘ ਜੀ ਫੇਰ ਡਡਿਆ ਉਠੇ ਕਿ ਮੇਰੀ ਜ਼ਿੰਦਗੀ ਤਾਂ ਜੇਲ੍ਹ ਅੰਦਰ ਹੀ ਖ਼ਤਮ ਹੋ ਜਾਣੀ ਹੈ। ਪੰਜਾਂ ਪਿਆਰਿਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ



www.AKJ.Org

ਦੀ ਹਜ਼ੂਰੀ ਵਾਲਾ ਸਮਾਗਮ ਤਾਂ ਬਾਹਰ ਗਿਆਂ ਹੀ ਪ੍ਰਾਪਤ ਹੋ ਸਕਦਾ ਹੈ। ਮੇਰੀ ਬਾਹੁੜੀ ਕਿਵੇਂ ਹੋਵੇ ! ਗੁਰੂ ਕੇ ਸਿਖਾਂ ਨੂੰ ਬੜੀਆਂ ਬੜੀਆਂ ਤੌਫ਼ੀਕਾਂ ਹਨ। ਖ਼ਾਸ ਮੁਸਤਸਨਾ ਹਾਲਤਾਂ ਭੀ ਹੁੰਦੀਆਂ ਹਨ। ਕੀ ਮੈਂ ਖ਼ਾਲੀ ਹੀ ਜਾਵਾਂ ? ਇਸ ਪ੍ਰਕਾਰ ਉਹ ਅਤਿਅੰਤ ਹੀ ਵਿਆਕੁਲ ਹੋ ਹੋ ਹਾਵੇ ਭਰਨ।

### ਭ੍ਰਾ: ਹੀਰਾ ਸਿੰਘ ਲਈ ਨਾਮ ਦੀ ਪ੍ਰਾਪਤੀ ਵਾਸਤੇ ਅਰਦਾਸ—

ਦਾਸ ਨੂੰ ਅੰਦਰੋਂ ਉਕਸਾਹਟ ਹੋਈ ਕਿ ਗੁਰੂ ਅਗੇ ਇਸ ਨਮਿਤ ਗੁਪਤ ਅਰਦਾਸ ਅਰਪਨ ਹੋਵੇ। ਇਸ ਸਮੇਂ ਨੂੰ ਤਾਬੜ ਤੋੜ ਸੰਭਾਲਿਆ ਗਿਆ। ਤੁਰੰਤ ਵੀਰ ਹੀਰਾ ਸਿੰਘ ਜੀ ਨੂੰ ਆਪਣੀ ਕੋਠੀ ਵਿਖੇ ਅੰਤਰ-ਧਿਆਨ ਹੋ ਕੇ ਬੇਨਤੀ-ਪ੍ਰਾਇਣ ਹੋਣ ਲਈ ਬਿਨੈ ਕੀਤੀ ਗਈ। ਏਧਰ ਆਪਣੀ ਕੋਠੜੀ ਵਿਚ ਦਾਸ ਭੀ ਉਨ੍ਹਾਂ ਦੀ ਨਮਿਤ ਗੁਪਤ ਅਰਦਾਸ ਵਿਚ ਜੁਟ ਗਿਆ। ਸਾਨੂੰ ਪਤਾ ਨਹੀਂ ਅਰਦਾਸ ਕਦੋਂ ਸਮਾਪਤ ਹੋਈ ਅਤੇ ਕਿਸ ਬਿਧ ਹੋਈ ਅਤੇ ਕਦੋਂ ਅਰ ਕਿਸ ਬਿਧ ਸੁਖਾਸਣੀ ਹੋਏ; ਖਬਰੇ ਹੋਏ ਕਿ ਨਾ ਹੋਏ, ਓਦੋਂ ਹੀ ਪਤਾ ਲਗਾ ਕਿ ਦੋ ਵਜੇ ਸਾਧੂ ਰਾਧਾ ਸਿੰਘ ਪਹਿਰਾ ਦੇਣ ਲਈ ਆਪ ਮੇਰੀ ਕੋਠੀ ਅਗੇ ਆਣ ਖਲੋਤੇ ਅਤੇ ਅਭਿਆਸ ਕਰਦੇ ਕਰਦੇ ਆਣ ਖਲੋਤੇ। ਕੀ ਦੇਖਦਾ ਹਾਂ ਕਿ ਉਹ ਸੁਆਸਾਂ ਨਾਲ ਅਭਿਆਸ ਕਰਦੇ ਹਨ। ਮੈਂ ਹੈਰਾਨ ਹੋ ਕੇ ਉਨ੍ਹਾਂ ਤੋਂ ਪੁਛਿਆ ਕਿ ਤੁਸੀਂ ਇਹ ਅਭਿਆਸ ਕਿਥੋਂ ਸਿਖਿਆ ? ਉਨ੍ਹਾਂ ਆਖਿਆ, ਲਾਗਦੀ ਕੋਠੀ ਵਿਚ ਸਾਧੂ ਹੀਰਾ ਸਿੰਘ ਜੀ ਪਏ ਇਸ ਬਿਧ ਹੀ ਸੁਆਸਾਂ ਨਾਲ ਅਭਿਆਸ ਕਰ ਰਹੇ ਹਨ ਅਤੇ ਚੁਫਾਲ ਪਏ ਹਨ। ਉਨ੍ਹਾਂ ਨੂੰ ਸੁਰਤ ਸੰਭਾਲ ਕੁਛ ਨਹੀਂ ; ਮੈਂ ਤਾਂ ਉਨ੍ਹਾਂ ਦੀ ਨਕਲ ਹੀ ਕਰਦਾ ਹਾਂ, ਅਸਲੋਂ ਪਤਾ ਅਭਿਆਸ ਦਾ ਮੈਨੂੰ ਭੀ ਨਹੀਂ। ਦਾਸ ਨੇ ਸਤਿਨਾਮ ਆਖ ਕੇ ਇਸ਼ਨਾਨ ਦੇ ਤਿਆਰੇ ਕੀਤੇ। ਅਤੇ ਰਾਧਾ ਸਿੰਘ ਜੀ ਨੂੰ ਆਖਿਆ ਕਿ ਜਾਓ ਹੀਰਾ ਸਿੰਘ ਜੀ ਨੂੰ ਜਾ ਕੇ ਸਾਵਧਾਨ ਕਰ ਦਿਓ, ਤਾਂਕਿ ਇਸ਼ਨਾਨ ਕਰਕੇ ਸੁਖਮਨੀ ਸਾਹਿਬ ਦਾ ਪਾਠ ਸੁਣਾਉਣ। ਉਸ ਨੇ ਐਸਾ ਹੀ ਕੀਤਾ।

### ਭਾਈ ਹੀਰਾ ਸਿੰਘ ਜੀ ਨੇ ਪ੍ਰੇਮ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਨਾ—

ਲਗੀ ਸ੍ਰੀ ਸੁਖਮਨੀ ਸਾਹਿਬ ਦੀ ਧੁੰਨੀ ਗੂੰਜਣ। ਵੀਰ ਹੀਰਾ ਸਿੰਘ ਜੀ ਨੇ ਬੜੇ ਹੀ ਰੰਗਣ ਵਿਚ ਪਾਠ ਕੀਤਾ। ਚਾਹੇ ਪਾਠ ਉਨ੍ਹਾਂ ਦਾ ਅਸ਼ੁਧ ਸੀ, ਪਰੰਤੂ ਪ੍ਰੇਮ-ਕਣੀ-ਪਰੋਤਾ ਪਾਠ ਸਰੋਤਿਆਂ ਦੇ ਚਿਤ ਚੀਰੀ ਜਾਵੇ। ਸਾਧੂ ਰਾਧਾ ਸਿੰਘ ਦੀ ਬੂਹੇ ਮੂਹਰੇ ਬੈਠੇ ਦੀ ਹੀ ਸਮਾਧੀ ਲਗ ਗਈ। ਪਹਿਰੇ ਵਾਲਾ ਪਹਿਰ ਸੋਹਣਾ ਸਫਲਾ ਹੋਇਆ। ਦਿਵਸ ਚੜ੍ਹੇ ਤਾਈਂ ਆਤਮ-ਰੰਗ ਬਝੇ ਰਹੇ। ਫੇਰ ਆ ਗਏ ਕੋਠੀਆਂ ਖੜਕਾਉਣ ਖੋਲ੍ਹਣ ਵਾਲੇ।

ਕੋਠੀਆਂ ਖੋਲ੍ਹਣ ਦੀ ਦੇਰ ਸੀ ਕਿ ਵੀਰ ਹੀਰਾ ਸਿੰਘ ਜੀ ਧੜੰਮ ਕਰਕੇ ਮੇਰੇ ਖੁਰੜਿਆਂ ਉਤੇ ਡਿਗ ਪਏ। ਦਾਸ ਨੇ ਡਿਗਣ ਤੋਂ ਪਹਿਲਾਂ ਹੀ ਉਨ੍ਹਾਂ ਦਾ ਸੀਸ ਆਪਣੇ ਹੱਥਾਂ ਉਪਰ ਬੋਚ ਲਿਆ। ਦੇਖਾਂ ਤਾਂ ਤਿਊਲੀ ਤਿਊਲੀ ਹੋਏ ਵੇ ਹਨ ਅਤੇ ਮੁਖੋਂ ਧੰਨ ਧੰਨ ਅਤੇ ਵਾਹ ਵਾਹ ਦੀ ਧੁਨੀ ਆ-ਮੁਹਾਰੀ ਗੂੰਜ ਰਹੀ ਹੈ। ਧੰਨ ਗੁਰੂ, ਧੰਨ ਗੁਰਸਿਖੀ ਅਤੇ ਧੰਨ ਗੁਰਸਿਖਾਂ ਦੀਆਂ ਅਰਦਾਸਾਂ। ਏਵੇਂ ਜਿਵੇਂ ਆਖੀ ਜਾਣ ਅਤੇ ਆਖਣੋਂ ਹਟਣ ਨਾ। ਦਾਸ ਨੇ ਸਮਝ ਲਿਆ ਕਿ ਗੁਰੂ ਦੀ ਅਪਾਰ ਮੇਹਰ ਇਨ੍ਹਾਂ ਉਤੇ ਹੋ ਗਈ ਹੈ ਅਤੇ ਇਨ੍ਹਾਂ ਦਾ ਘਰ ਪੂਰਾ ਹੋ ਗਿਆ ਹੈ। ਇਸ ਦਾਤ ਨੂੰ ਸੰਭਾਲ ਕੇ ਰਖਣ ਤਾਂ ਅਹੋ ਭਾਗ। ਅਜੇ ਕਈ ਹਵਾਵਾਂ ਵਗਣੀਆਂ ਹਨ। ਦੂਜੀ ਰਾਤੇ ਭਾਈ ਹੀਰਾ ਸਿੰਘ ਜੀ ਨੇ ਅਤਿਅੰਤ ਕ੍ਰਿਤੱਗਤਾ ਰਸ ਵਿਚ ਪੂਰਤ ਹੋ ਕੇ ਇਸ ਬਿਧ ਮੇਰੇ ਪ੍ਰਤੀ ਉਚਾਰਨ ਕੀਤਾ :—

ਕਿ ਵੀਰ ਰਣਧੀਰ ਸਿੰਘ ਜੀ ! ਆਪ ਦੀ ਤੁਫ਼ੈਲ ਮੇਰੀ ਆਤਮ-ਭੁਖ ਲੱਥੀ ਹੈ ਅਤੇ ਮੇਰੇ ਪ੍ਰਮਾਰਥੀ ਘਾਟੇ ਪੂਰੇ ਹੋਏ ਹਨ। ਅਤੇ ਗੁਰਮਤਿ ਨਾਮ ਦੀ ਸੂਝ ਬੂਝ ਆਈ ਹੈ। ਸੂਝ ਬੂਝ ਹੀ ਨਹੀਂ, ਨਾਮ ਦੀ ਝਰਨਾਟ ਇਕ ਅਗੰਮੀ ਮੇਰੇ ਰੋਮ ਰੋਮ ਅੰਦਰ ਆ-ਮੁਹਾਰੀ ਹੀ ਫਿਰ ਗਈ। ਮੈਂ ਇਸ ਦੇ ਵਟਾਂਦਰੇ ਆਪ ਨੂੰ ਕੁਛ ਨਹੀਂ ਦੇ ਸਕਦਾ, ਨਾ ਮੇਰੇ ਕੋਲ ਕੋਈ ਅਜਿਹਾ ਪਦਾਰਥ ਹੈ ਜਿਸ ਦਾ ਵਟਾਂਦਰਾ ਇਸ ਪ੍ਰਮਾਰਥੀ ਪਦਾਰਥ ਦੇ ਕਿੰਤਤ ਮਾਤਰ ਤੁਲ ਭੀ ਹੋ ਸਕੇ। ਪਰ ਫੇਰ ਭੀ ਤੁਛ ਮਾਤਰ ਭੇਟਾ ਮੈਂ ਆਪ ਦੇ ਅਗੇ ਸਮਰਪਣ ਕਰਦਾ ਹਾਂ। ਜੇ ਕਬੂਲ ਹੋਵੇ ਤਾਂ ਮੇਰੇ ਅਹੋ ਭਾਗ। ਦਾਸ ਨੇ ਬੇਨਤੀ ਕੀਤੀ ਕਿ ਦਾਸ ਕੌਣ ਕੀਟ ਹੈ ਕਿ ਕਿਸੇ ਦਾ ਕੁਛ ਸਵਾਰ ਸਕੇ, ਯਾ ਕਿਸੇ ਨੂੰ ਆਤਮ



www.AKJ.Org

ਰੰਗਾਂ ਵਿਚ ਉਭਾਰ ਸਕੇ। ਇਹ ਤਾਂ ਆਪ ਦੇ ਪੂਰਬਲੇ ਕਰਮਾਂ ਦਾ ਅੰਕੂਰ ਹੈ ਜੋ ਏਥੇ ਆ ਕੇ ਅਤੇ ਇਸੇ ਕਰਤੇ ਦੀ ਬਣਤ ਬਣਾਇ ਰਖੀ ਬਿਉਂਤ ਅਨੁਸਾਰ ਹੀ ਉਦੇ ਹੋਣਾ ਸੀ। ਇਸ ਵਿਚ ਮੇਰਾ ਅਹਿਸਾਨ ਆਪ ਉਤੇ ਕੀ ਹੋ ਸਕਦਾ ਹੈ। ਅਰਦਾਸ ਬੇਨਤੀ ਕਰਨਾ ਗੁਰਸਿਖਾਂ ਦਾ ਪਰਮ ਧਰਮ ਹੈ। ਦਾਸ ਨੇ ਬਥੇਰੀਆਂ ਬੇਨਤੀਆਂ ਕੀਤੀਆਂ, ਪਰ ਉਹ ਖਹਿੜੇ ਪਏ ਹੀ ਰਹੇ। ਓੜਕ ਉਨ੍ਹਾਂ ਮੈਨੂੰ ਆਪਣੀ ਗੱਲ ਸੁਨਣ ਨੂੰ ਮਜਬੂਰ ਕਰ ਹੀ ਲਿਆ। ਗੱਲ ਮੰਨਣ ਦੀ ਮਨਜ਼ੂਰੀ ਪ੍ਰਾਪਤ ਹੋਣ ਪ੍ਰਸਚਾਤ ਉਨ੍ਹਾਂ ਇਸ ਬਿਧ ਤੋਰਾ ਤੋਰਿਆ :—

## ਸੋਨਾ ਬਨਾਉਣ ਦਾ ਨੁਸਖ਼ਾ—

ਭਾਈ ਸਾਹਿਬ ਜੀ ! ਅਜ ਮੈਂ ਆਪ ਨੂੰ ਉਹ ਗੋਝ ਗੱਲ ਦਸਦਾ ਹਾਂ ਅਤੇ ਉਹ ਗੋਝ ਪਦਾਰਥ ਦਿੰਦਾ ਹਾਂ ਜੋ ਅੱਜ ਤਾਈਂ ਦਾਸ ਨੇ ਕਿਸੇ ਨੂੰ ਨ ਦਸਿਆ ਤੇ ਨ ਦਿਤਾ ਹੈ। ਮੈਂ ਇਸ ਨੂੰ ਆਪਣੇ ਸੀਨੇ ਵਿਚ ਨਹੀਂ ਲੈ ਜਾਣਾ ਚਾਹੁੰਦਾ। ਮੈਂ ਲੋਚਦਾ ਸਾਂ ਕਿ ਕੋਈ ਅਧਿਕਾਰੀ ਅਤੇ ਪਰ-ਉਪਕਾਰੀ ਜਨ ਮਿਲੇ ਜੋ ਇਸ ਪਦਾਰਥ ਨੂੰ ਪਾਇਕੇ ਪਰ-ਉਪਕਾਰ ਉਤੇ ਲਾਵੇ ਅਤੇ ਲਲਚਾਵੇ ਨਾ। ਸੋ ਅਜ ਮੈਂ ਪੂਰਨ ਪਰੀਖਸ਼ਾ ਪਸਚਾਤ ਆਪ ਨੂੰ ਹੀ ਪੂਰਨ ਅਧਿਕਾਰੀ ਪੁਰਸ਼ ਮਨ ਬਚ ਕਰਮ ਕਰਕੇ ਜਾਤਾ ਹੈ। ਮੇਰੇ ਪਾਸ ਇਕ ਰਸਾਇਣ ਹੈ ਜੋ ਮੈਨੂੰ ਚੀਨ ਦੇ ਇਕ ਕੀਮੀਆਗਰ ਰਸਾਇਣੀ ਤੋਂ ਪ੍ਰਾਪਤ ਹੋਇਆ ਸੀ। ਇਸ ਰਸਾਇਣ ਦਵਾਰਾ ਹੀ ਮੈਂ ਲਾਖਾਂਪਤੀ ਹੋਇਆ ਹਾਂ। ਅਰਥਾਤ ਮੈਨੂੰ ਖਾਲਸ ਸੋਨਾ ਬਨਾਉਣ ਦੀ ਰਸਾਇਣ (ਕੀਮੀਆ) ਆਉਂਦੀ ਹੈ। ਦੋ ਚਾਰ ਮੁਜੱਰਬ ਨੁਸਖ਼ੇ ਮੈਂ ਆਪ ਦੀ ਭੇਟਾ ਕਰਦਾ ਹਾਂ ਜੋ ਪੱਥਰ ਉਤੇ ਲਕੀਰ ਹਨ, ਜਿਨ੍ਹਾਂ ਦਵਾਰਾ ਬਣਿਆ ਹੋਇਆ ਸੋਨਾ ਕੁਠਾਲੀ ਵਿਚ ਢਾਲਿਆਂ ਭੀ ਕੁੰਦਨ ਹੀ ਰਹੇਗਾ। ਉਨ੍ਹਾਂ ਇਕ ਦੋ ਦਿਨਾਂ ਦੇ ਅੰਦਰ ਹੀ ਇਕ ਤੋਲਾ ਤਾਂਬਾ ਮੰਗਾ ਕੇ ਅਤੇ ਮੈਨੂੰ ਦਸੀ ਰਸਾਇਣ ਦਵਾਰਾ ਕੀਮੀਆ ਕਰਕੇ ਪ੍ਰਤੱਖ ਸੋਨਾ ਬਣਾ ਕੇ ਭੀ ਦਿਖਾ ਦਿਤਾ। ਅਤੇ ਇਕ ਗੁਪਤ ਮੁਅਤਬਰ ਸਜਣ ਦਵਾਰਾ ਬਾਹਰ ਕੁਠਾਲੀਏ ਦੀ ਕਸੌਟੀ ਚਾੜ੍ਹ ਕੇ ਪਰਖਵਾ ਕੇ ਭੀ ਭੇਜ ਦਿਤਾ। ਉਹ ਬਾਰਾਂ ਵੰਨੀ ਕੰਚਨ (ਸੋਨਾ) ਹੀ ਰਿਹਾ। ਇਹ ਪ੍ਰਤੱਖ ਪ੍ਰਤੀਤ ਕਰਾਇ ਕੇ ਉਨ੍ਹਾਂ ਨੇ ਮੈਨੂੰ ਉਹ ਰਸਾਇਣੀ ਨੁਸਖ਼ੇ ਕੰਠ ਕਰਨ ਲਈ ਤਾਕੀਦ ਕੀਤੀ, ਕਿਉਂਕਿ ਜੇਲ੍ਹ ਅੰਦਰ ਸਦੀਵ ਕਾਲ ਅਜਿਹੇ ਗੋਝ ਲਿਖਤੀ ਕਾਗ਼ਜ਼ ਮਹਿਫ਼ੂਜ਼ ਨਹੀਂ ਰਹਿ ਸਕਦੇ। ਮੈਂ ਉਨ੍ਹਾਂ ਦੀ ਪ੍ਰੀਤੀ ਪ੍ਰੇਰਨਾ ਦਾ ਪ੍ਰੇਰਿਆ ਹੋਇਆ ਲਗਾ ਉਕਤ ਰਸਾਇਣੀ ਨੁਸਖਿਆਂ ਨੂੰ ਕੰਠ ਕਰਨ। ਕੰਠ ਕੀ ਕਰਨ ਲਗਾ ? ਬਿਖ ਵਿਹਾਜਣ ਲਗ ਪਿਆ।

## ਸੁਰਤੀ ਬਿਰਤੀ ਦਾ ਉਖੜਨਾ—

ਜਿਉਂ ਜਿਉਂ ਕੰਠ ਕਰਾਂ ਤਿਉਂ ਤਿਉਂ ਵਿਹੁ ਚੜ੍ਹਦੀ ਜਾਵੇ। ਬਿਖ ਬਿਹਾਜਣ ਦੇ ਵਹਿਣ ਵਿਚ ਰੁੜ੍ਹ ਤੁਰਿਆ। ਸ਼ੇਖ ਚਿਲੀ ਵਾਂਙੂ ਲਗਾ ਕਰੋੜਾਂ-ਪਤੀ ਬਨਣ ਦੀਆਂ ਬਿਉਂਤਾਂ ਬਨਾਉਣ। ਪਰਉਪਕਾਰੀ ਬਨਣ ਦੀਆਂ ਮਸਤਰਾਂ ਦੀ ਗੰਠੜੀ ਭੀ ਬੰਨ੍ਹਣੀ ਅਰੰਭ ਦਿਤੀ। ਜਿਥੇ ਮੇਰਾ ਮਨ ਖਿਨ ਖਿਨ ਤੇ ਸੁਆਸ ਸੁਆਸ ਨਾਮ ਦੇ ਪਾਰਸ-ਚੰਦਨੀ-ਜੋਤ-ਰੰਗ ਵਿਚ ਖਿੜਿਆ ਅਤੇ ਰੰਗਿਆ ਰਹਿੰਦਾ ਸੀ ਅਤੇ ਰੋਮ ਰੋਮ ਜੋਤਿ ਵਿਗਾਸੀ ਤਰੰਗਾਂ ਵਿਚ ਸਫੁਟ ਹੋ ਹੋ ਇਕ ਦੂ ਜੀਭੌ ਲਖ ਹੋਇ ਅਤੇ ਲਖਾਂ ਲਖਬੀਸ ਹੋ ਕੇ ਇਕੀਸ ਹੋਣ ਦੀਆਂ ਪਤ ਪਵੜੀਆਂ ਉਤੇ ਚੜ੍ਹਿਆ ਰਹਿੰਦਾ ਸੀ, ਹੁਣ ਉਥੇ ਖਿਨ ਖਿਨ ਮਾਇਆ ਦੀ ਬਿਖ ਬਿਆਪ ਗਈ। ਮੇਰੀ ਸੁਰਤੀ ਬਿਰਤੀ ਉਖੜ ਗਈ। ਮੇਰਾ ਪ੍ਰੇਮ ਕਾਫ਼ੂਰ ਹੋ ਗਿਆ। ਨਾ ਬਾਣੀ ਨਾ ਨਾਮ ਅਭਿਆਸ, ਕੁਛ ਨ ਚਲੇ। ਮੈਂ ਫੋਕਾ ਜਿਹਾ ਹੋ ਗਿਆ। ਮੈਨੂੰ ਇਉਂ ਪ੍ਰਤੀਤ ਹੋਵੇ ਜਿਵੇਂ ਮੈਨੂੰ ਕੋਈ ਕੁਸ਼ਟ ਹੁੰਦਾ ਹੈ। ਸਚਮੁਚ:–"ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥" (੬੬੧) ਵਾਲੇ ਗੁਰਵਾਕ ਦੀ ਘਟਨਾ ਘਟ ਗਈ।

## ਰਸਾਇਣ ਦੇ ਨੁਸਖ਼ੇ ਨਾਲ ਚੜ੍ਹਦੀ ਕਲਾ ਹੋ ਜਾਣੀ–

ਅੱਜ ਪਹਿਲਾ ਦਿਨ ਸੀ ਕਿ ਮੇਰੇ ਨਾਮ ਅਭਿਆਸ ਰੰਗਾਂ ਵਿਚ ਇਹ ਖ਼ਲਲ ਪਿਆ। ਅਜ ਪਹਿਲਾ ਦਿਨ ਸੀ ਕਿ ਮੇਰੀ ਆਤਮ-ਬਿਰਤੀ ਇਸ ਬਿਧ ਉਚਾਟ ਹੋਈ। ਜਦੋਂ ਦੇ ਨਾਮ ਪ੍ਰਮਾਰਥੀ ਰੰਗ ਲਗੇ ਸਨ, ਅਜ ਪਹਿਲਾ ਦਿਨ ਸੀ ਕਿ ਇਨ੍ਹਾਂ ਰੰਗਾਂ ਵਿਚ ਅਜਿਹਾ ਭਾਰੂ ਭੰਗ ਪਿਆ। ਮੈਨੂੰ ਉਹ ਸਾਰੀ ਰੈਣ ਗਿੱਟੀਆਂ ਗਿਣਦਿਆਂ ਨੂੰ ਹ।


www.AKJ.Org

ਬਤੀਤ ਹੋਈ। ਦਿਨ ਚੜ੍ਹਿਆ ਤਾਂ ਮੈਂ ਰਸਾਇਣ ਨੁਸਖੇ ਦਾ ਸੜਿਆ ਹੋਇਆ ਕੰਚਨੋਂ ਮਨੂਰ ਹੋ ਕੇ ਬਾਹਰ ਨਿਕਲਿਆ। ਅਤੇ ਜੇਲ੍ਹ-ਮੇਟ ਨੇ ਦਾਲ ਭਾਜਾ ਧਰਨ ਨਮਿਤ ਅੰਗੀਠੀ ਧੁਖਾ ਕੇ ਮੇਰੇ ਸਾਹਮਣੇ ਧਰ ਦਿਤੀ।

**ਨੁਸਖ਼ਾ ਸਾੜ ਦੇਣਾ–**

ਓਧਰ ਭਾਈ ਹੀਰਾ ਸਿੰਘ ਜੀ ਭੀ ਆਹੁਲ ਕੇ ਆਏ ਅਤੇ ਪੁਛਣ ਲਗੇ ਕਿ ਨੁਸਖ਼ਾ ਕੰਠ ਕਰ ਲਿਆ ? ਮੈਂ ਨੁਸਖਾ ਕਢ ਕੇ ਜਲਦੀ ਅੰਗੀਠੀ ਵਿਚ ਸਿਟ ਦਿਤਾ ਅਤੇ ਪ੍ਰਚੰਡਕਾ ਦੀ ਭੇਟ ਕਰ ਦਿਤਾ। ਅਤੇ ਉਥੇ ਹੀ ਖਲੋ ਕੇ ਅਰਦਾਸਾ ਸੋਧ ਦਿਤਾ ਕਿ ਹੇ ਸੱਚੇ ਪਾਤਸ਼ਾਹ ! ਪਿਛਲਾ ਅਪ੍ਰਾਧ ਖਿਮਾ ਕਰੀਂ ਅਤੇ ਅੱਗੇ ਨੂੰ ਇਸ ਕੋੜੇ ਰੋਗ ਨੂੰ ਨੇੜੇ ਨਾ ਆਉਣ ਦੇਈਂ। ਜੋ ਕੁਛ ਰਸਾਇਣੀ ਨੁਸਖੇ ਦਾ ਅੰਗ ਅੰਗ ਚੇਤੇ ਹੋਇਆ ਹੈ ਸੋ ਮੇਰੇ ਮਗਜ਼ ਵਿਚੋਂ ਮਿਟ ਜਾਵੇ ਅਤੇ ਸੁਪਨ ਮਾਤਰ ਭੀ ਚੇਤੇ ਨ ਆਵੇ। ਭਾਈ ਹੀਰਾ ਸਿੰਘ ਚਰਿਆ ਉਠੇ ਅਤੇ ਕਹਿਣ ਲਗੇ ਕਿ ਭਾਈ ਸਾਹਿਬ ਜੀ ! ਆਪ ਨੇ ਇਹ ਬੜਾ ਗ਼ਜ਼ਬ ਕੀਤਾ। ਜਿਸ ਕੀਮੀਆ ਨੂੰ ਲਖਾਂ ਦੰਮਾਂ ਦੇ ਬਦਲੇ ਮੈਥੋਂ ਮੰਗਦੇ ਰਹੇ, ਪਰ ਮੈਂ ਦਵਾਲ ਨਾ ਹੋਇਆ, ਜਿਸ ਕੀਮੀਆ ਨੂੰ ਵਡੇ ਵਡੇ ਧਨ-ਪਾਤਰ ਲੋਕ ਅਤੇ ਵਡੇ ਵਡੇ ਲਖ ਲਖਸ਼ਮੀਏ ਜੌਹਰੀ ਬੱਚੇ ਤਰਸਦੇ ਮਰ ਗਏ, ਪਰ ਕਿਸੇ ਦੇ ਹੱਥ ਨਾ ਆਇਆ, ਉਸ ਕੀਮੀਆ ਨੂੰ ਆਪ ਨੇ ਇਕ ਛਿਨ ਵਿਚ ਭਸਮਾ-ਭੂਤ ਕਰ ਦਿਤਾ, ਮਾਨੋਂ ਇਕ ਨਾਯਾਬ ਖ਼ਜ਼ਾਨੇ ਨੂੰ ਅਜਾਈਂ ਹਥੋਂ ਗੰਵਾ ਦਿਤਾ। ਕੀ ਪਤਾ ? ਫੇਰ ਦਸਣ ਦਾ ਅਵਸਰ ਮਿਲੇ ਯਾ ਨਾ ਮਿਲੇ। ਇਸ ਸਰੀਰ ਦਾ ਕੁਛ ਵਿਸਾਹ ਨਹੀਂ। ਨਾਲੇ ਰੋਜ਼ ਰੋਜ਼ ਇਹ ਇਕਾਂਤ-ਮੇਲੇ ਜੇਲ੍ਹ ਵਿਚ ਕਿਤੇ ਧਰੇ ਪਏ ਹਨ। ਮੈਨੂੰ ਉਮੈਦ ਨਹੀਂ ਕਿ ਇਹ ਰਸਾਇਣ ਨੁਸਖ਼ੇ ਆਪ ਨੇ ਕੰਠ ਕੀਤੇ ਹੋਣ। ਕੋਈ ਇਕ ਅੱਧਾ ਹੀ ਕੀਤਾ ਹੋਣਾ ਹੈ, ਉਹ ਭੀ ਆਸ ਨਹੀਂ ਕਿ ਆਪ ਨੇ ਚੇਤੇ ਰਖਣ ਦੀ ਪਰਵਾਹ ਕੀਤੀ ਹੋਵੇ, ਕਿਉਂਕਿ ਆਪ ਦੀ ਚਿਤ-ਉਪ੍ਰਾਮਤਾ ਦਸਦੀ ਹੈ ਕਿ ਇਸ ਖਲਜਗਣ ਵਿਚ ਪੈਣੋਂ ਉਕਤਾਉਂਦੇ ਹੋ। ਪਰਉਪਕਾਰੀ ਜਨਾਂ ਨੂੰ ਉਪ੍ਰਾਮਤਾ ਕਾਹਦੀ ? ਤੁਸੀਂ ਕੋਈ ਨਿਜ ਲਾਭ-ਲਾਰੇ ਲਈ ਲਾਲਚ ਦੇ ਅਧੀਨ ਹੋ ਕੇ ਥੋੜੇ ਇਸ ਨੂੰ ਵਰਤਣਾ ਹੈ। ਉਪਕਾਰ ਨਮਿਤ ਲੇਖੇ ਲਾਉਣਾ ਹੈ। ਆਉ ਅਜੇ ਭੀ ਉਪ੍ਰਾਮਤਾ ਛਡੋ, ਮੈਂ ਆਪ ਨੂੰ ਫੇਰ ਲਿਖਾਵੰਦਾ ਹਾਂ। ਅਜ ਰਾਤ ਵਿਚ ਲਿਖ ਲੈਣਾ। ਇਕ ਹਫਤੇ ਵਿਚ ਸਭ ਕੰਠ ਹੋ ਜਾਣਗੇ। ਮੈਂ ਨਿਤ ਸੁਣ ਕੇ ਇਮਤਿਹਾਨ ਲੈ ਲਿਆ ਕਰੂੰ। ਮੈਂ ਭਾਈ ਹੀਰਾ ਸਿੰਘ ਜੀ ਨੂੰ ਆਖਿਆ ਕਿ ਭਾਈ ਸਾਹਿਬ ਜੀ, ਖਿਮਾ ਕਰਨਾ, ਮੈਂ ਬੜਾ ਅਕ੍ਰਿਤਘਣ ਹਾਂ। ਆਪ ਨੇ ਆਪਣੀ ਉਸ ਨਾਯਾਬ ਵਸਤੂ ਨੂੰ ਮੇਰੇ ਪ੍ਰਤੀ ਨਿਛਾਵਰ ਕੀਤਾ ਕਿ ਜੋ ਆਪ ਆਪਣੇ ਕਿਸੇ ਅਜ਼ੀਜ਼ ਨਿਜ ਜਿਗਰ ਦੇ ਟੁਕੜੇ ਨੂੰ ਭੀ ਦੇਣੋਂ ਦਸਣੋਂ ਬੇ-ਨਿਆਜ਼ ਸੇ, ਪ੍ਰੰਤੂ ਮੈਂ ਇਸ ਦਾ ਗਾਹਕ ਨਹੀਂ ਸੀ–

"ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ॥
ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥" (੧੦੮੬-੮੭)

ਆਪ ਮੈਥੋਂ ਬਧੇ ਰੁਧੇ ਤੋਂ ਉਪਕਾਰ ਕਰਾਉਣਾ ਚਾਹੁੰਦੇ ਸੀ, ਸੋ ਸਿਰੇ ਨਾ ਚੜ੍ਹਿਆ; ਨਾ ਚੜ੍ਹਨਾ ਹੈ, ਕਿਉਂਕਿ :

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ॥ ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ।"

ਮੇਰੇ ਭਾ ਦਾ ਤਾਂ ਇਹ ਘਾਟੇ ਦਾ ਸੌਦਾ ਮੈਨੂੰ ਪ੍ਰਤੀਤ ਹੋਇਆ। ਅਜੇ ਰਸਾਇਣੀ ਨੁਸਖ਼ਾ ਹੀ ਲਿਖ ਪੜ੍ਹ ਕੇ ਘੋਖਣ ਲਗਿਆ ਸੀ ਕਿ ਮੇਰੀ ਸੁਰਤੀ ਬਿਰਤੀ ਨਪੀੜੀ ਜਾਣ ਲਗ ਪਈ, ਅਜਿਹਾ ਵਟ ਚੜ੍ਹੇ ਕਿ ਚਉੜ ਚੁਪਟ ਹੀ ਹੋਣ ਲਗੀ ਸੀ। ਜੇ ਮੈਂ ਕਿਤੇ ਰਸਾਇਣਬਾਜ਼ੀ ਦੀ ਖਲਜਗਣ ਵਿਚ ਪੈ ਜਾਂਦਾ ਤਾਂ ਇਸ ਪੰਕਜ-ਕਰਨੀ ਵਿਚ ਨਿਘਰ ਜਾਣ ਵਾਲੀਆਂ ਹੀ ਸਹੇੜ ਬਿਊਂਤਾਂ ਸਨ। ਸਤਿਗੁਰੂ ਦੀ ਅਪਾਰ ਕਿਰਪਾ ਹੋਈ ਕਿ ਨੇੜੇ ਹੀ ਮੋੜੇ ਪੈ ਗਏ, ਨਹੀਂ ਤਾਂ ਰੁੜ੍ਹ ਜਾਣ ਵਾਲੀਆਂ ਗੱਲਾਂ ਸਨ। "ਭਲੀ ਸਰੀ ਜਿ ਉਬਰੀ" (੧੮)

ਪਰ ਭਾਈ ਹੀਰਾ ਸਿੰਘ ਜੀ ਮੇਰੀ ਇਕ ਨਹੀਂ ਸੁਣਦੇ ਸਨ। ਅਤੇ ਰਾਤ ਨੂੰ ਫੇਰ ਵਟ ਚੜ੍ਹਾਂਉਣ ਦੇ ਪੂਰੇ ਮਨਸੂਬੇ ਮਥੀ ਬੈਠੇ ਸਨ। ਪਰ ਰਾਤ ਨੂੰ ਐਸਾ ਭਾਣਾ ਵਰਤਿਆ ਕਿ ਅਸਾਡੀਆਂ ਕੋਠੀਆਂ ਤਕੜੀ ਵਿਥ ਤੇ ਦੂਰ ਦੂਰ ਕਰ ਕੇ ਅਸਾਨੂੰ ਬੰਦ ਕਰ ਦਿਤਾ ਗਿਆ, ਜਿਥੇ ਨਾ ਕੋਈ ਆਵਾਜ਼ ਸੁਣੇ, ਨਾ ਗੱਲ ਬਾਤ ਹੋ ਸਕੇ। ਸਤਿਗੁਰੂ ਆਪ ਸਹਾਈ ਹੋਏ। ਗੜਣ ਵਿਚੋਂ ਕਢ ਕੇ ਫੇਰ ਗੜਣ ਵਿਚ ਪੈਣ ਦਾ ਦਾਉ ਮੌਕਾ ਹੀ ਨਾ ਆਉਣ ਦਿਤਾ। ਇਸ ਬਿਧ ਰਸਾਇਣੀ ਰੋੜਾਂ ਵਿਚੋਂ ਰਖ ਬਚਾਵਣ ਦੀ ਸਤਿਗੁਰ ਨੇ ਆਪ ਰਖਿਆ ਕੀਤੀ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਜੇਲ੍ਹ ਚਿੱਠੀਆਂ' ਵਿਚੋਂ

www.AKJ.Org

# ਭਾਃ ਸਾਃ ਭਾਈ ਰਣਧੀਰ ਸਿੰਘ ਜੀ ਦੀ ਪੰਥ ਨੂੰ ਦੇਣ

ਭਾਈ ਸਾਹਿਬ ਰਣਧੀਰ ਸਿੰਘ ਜੀ ਉਨ੍ਹੀਵੀਂ ਸਦੀ ਦੇ ਆਦਰਸ਼ਕ ਗੁਰਸਿਖਾਂ ਵਿਚੋਂ ਹੋਏ ਹਨ। ਜੋਤਿ-ਪ੍ਰਕਾਸ਼ ਦੇ ਤੁਫ਼ੈਲ ਆਪ ਦੇ ਹਿਰਦੇ ਵਿਚ ਨਾਮ ਦਾ ਖੇੜਾ ਸਦਾ ਖਿੜਿਆ ਰਹਿੰਦਾ, ਤੇ ਨਾਮ ਦੀ ਲਾਲੀ ਚਿਹਰੇ ਤੇ ਡਲ੍ਹਕਾਂ ਮਾਰਦੀ ਸੀ। ਖਾਲਸਈ ਸ਼ਸਤਰਾਂ ਬਸਤਰਾਂ ਵਿਚ ਸਜੇ ਧਜੇ ਆਪ ਪੂਰੇ ਸੰਤ-ਸਿਪਾਹੀ ਸਨ।

ਆਪ ਜੀ ਨੇ ਆਪਣੀਆਂ ਰੂਹਾਨੀ ਪ੍ਰਾਪਤੀਆਂ ਆਪਣੇ ਆਪ ਤਕ ਹੀ ਸੀਮਤ ਨਾ ਰਖੀਆਂ। ਪੂਰਨ ਗੁਰਮਤਿ ਅਨੁਸਾਰ ਵਿਚਰਨ ਅਤੇ ਨਾਮ-ਬਾਣੀ ਦੇ ਨਿਰਬਾਣ ਕੀਰਤਨ ਸਦਕਾ, ਆਪ ਜੀ ਨੂੰ "ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ" ਵਾਲਾ ਸੁਭਾਗ ਪ੍ਰਾਪਤ ਹੋਇਆ। ਆਪ ਜੀ ਨੇ "ਖਾਵਹਿ ਖਰਚਹਿ ਰਲਿ ਮਿਲਿ ਭਾਈ" ਗੁਰ-ਉਪਦੇਸ਼ ਤੇ ਅਮਲ ਕਰਦਿਆਂ ਹੋਇਆਂ, ਅੰਮ੍ਰਿਤ ਰਸ ਵਿਚ ਖੀਵੇ ਹੋ ਹੋ ਕੇ ਪਿੰਡ ਪਿੰਡ ਸ਼ਹਿਰ ਸ਼ਹਿਰ ਵਿਚ ਕੀਰਤਨ-ਫੇਰੀ ਲਾਈ ਅਤੇ ਸਾਰੇ ਗੁਰਸਿਖ ਭਾਈਚਾਰੇ ਨੂੰ ਗੁਰ ਉਪਦੇਸ਼ ਦਾ ਢੰਡੋਰਾ ਦਿਤਾ–

ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ (ਪੰਨਾ ੬੪੨)

ਗੁਰਬਾਣੀ ਦਾ ਕੀਰਤਨ ਕਲਜੁਗ ਵਿਚ ਨਿਜੀ ਅਤੇ ਸਮੂਹਕ ਆਤਮਿਕ ਕਲਿਆਣ ਲਈ ਇਕ ਸਫਲ ਸਾਧਨ ਹੈ:

ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥
ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ ॥੬॥ [ਪੰਨਾ ੧੦੭੫-੭੬

ਸੁਰਤੀ ਦੀ ਇਕਾਗਰਤਾ ਲਈ ਆਪ ਜੀ ਨੂੰ ਗੁਰਬਾਣੀ ਦਾ ਨਿਰਬਾਣ ਕੀਰਤਨ ਅਕਸੀਰ ਹੋ ਨਿਬੜਿਆ ਅਤੇ ਆਪ ਜੀ ਦੇ ਜੀਵਨ ਦਾ ਅਧਾਰ ਬਣ ਗਿਆ। ਇਸੇ ਅਗੰਮੀ ਕੀਰਤਨ ਦੀ ਤੁਫ਼ੈਲ ਹੀ ਆਪ ਜੀ ਜੇਲ੍ਹ ਦੀਆਂ ਕਾਲ-ਕੋਠੜੀਆਂ ਵਿਚ ਭਿਆਨਕ ਤਸੀਹੇ ਦਿਤੇ ਜਾਣ ਦੇ ਬਾਵਜੂਦ ਵੀ ਅਡੋਲ-ਬਿਰਤੀ ਰਹੇ ਅਤੇ ਗੁਰੂ ਪਾਤਸ਼ਾਹ ਦੇ ਬਿਖਮ ਭਾਣਿਆਂ ਵਿਚ ਵੀ ਚੜ੍ਹਦੀਆਂ ਕਲਾਂ ਵਿਚ ਵਿਚਰਦੇ ਰਹੇ। ਭਾਈ ਸਾਹਿਬ ੩੬-੩੬ ਘੰਟੇ ਲਗਾਤਾਰ ਦਿਵਸ-ਸੁਹੇਲਿਆਂ ਤੇ ਰੈਣ-ਸਬਾਈਆਂ ਦੇ ਕੀਰਤਨ-ਅਖਾੜਿਆਂ ਵਿਚ ਅਖੰਡ ਚੌਕੜਾ ਜਮਾਈ ਕੀਰਤਨ ਵਿਚ ਲਿਵਲੀਨ ਹੋਏ, ਰੱਜਣ ਵਿਚ ਨਹੀਂ ਸੀ ਆਉਂਦੇ। ਇਕਾਗਰ-ਚਿਤ ਹੋ ਕੇ ਪ੍ਰੇਮ ਰੰਗ ਵਿਚ ਰੰਗੀਜ ਕੇ ਗੁਰਬਾਣੀ ਗਾਉਣ ਨਾਲ–

ਸਾਧ ਸੰਗਤਿ ਵਿਚ ਅਕਥ ਕਹਾਣੀ ॥੧੨॥ [ਭਾਈ ਗੁਰਦਾਸ ਜੀ, ਵਾਰ ੨੯]

ਵਾਲੀ ਕਲਾ-ਕ੍ਰਿਸ਼ਮੀ ਅਕਥ ਕਹਾਣੀ ਦਾ ਵਰਤਾਰਾ ਵਰਤਾਰਾ ਸੀ, ਜਿਸ ਕਰਕੇ ਆਪ ਦੇ ਨਿਕਟਵਰਤੀ ਸਿੰਘ-ਸਿੰਘਣੀਆਂ ਅੰਦਰ ਕੀਰਤਨ ਕਰਨ ਸੁਣਨ ਦਾ ਇਸ਼ਕ ਪ੍ਰਬਲ ਹੋ ਜਾਗਿਆ। ਅਖੰਡ ਕੀਰਤਨੀ ਜਥਾ ਭਾਈ ਸਾਹਿਬ ਦੇ ਕੀਰਤਨ-ਇਸ਼ਕ ਦੀ ਉਪਜ ਹੈ ਅਤੇ ਇਹ ਨਿਰਬਾਣ ਕੀਰਤਨ ਦੀ ਪ੍ਰਥਾ ਭਾਈ ਸਾਹਿਬ ਦੀ ਪੰਥ ਨੂੰ ਸਭ ਤੋਂ ਵੱਡੀ ਦੇਣ ਹੈ।

ਆਪ ਜੀ ਦੀ ਪੰਥ ਨੂੰ ਦੂਜੀ ਵਡਮੁੱਲੀ ਦੇਣ ਹੈ ਗੁਰਮਤਿ ਸਾਹਿੱਤ। ਜਿਥੇ ਆਪ ਜੀ ਦਾ ਸਾਰਾ ਜੀਵਨ ਸਿੱਖੀ ਸਿਦਕ, ਪ੍ਰੇਮ-ਰੰਗਾਂ, ਵੈਰਾਗ-ਤਰੰਗਾਂ ਤੇ ਤੱਤ ਗੁਰਮਤਿ ਦੇ ਅਸੂਲਾਂ ਦੀ ਦ੍ਰਿੜ੍ਹਤਾ ਨੂੰ ਪ੍ਰਗਟਾਉਣ ਵਾਲੇ ਅਨੇਕਾਂ ਕੌਤਕਾਂ ਨਾਲ ਭਰਿਆ ਪਿਆ ਹੈ ਉਥੇ ਆਪ ਜੀ ਦੀ ਲੇਖਣੀ ਤੋਂ ਲਿਖੀਆਂ ਗਈਆਂ ਗੁਰਮਤੀ ਪੁਸਤਕਾਂ ਵਿਚ ਤੱਤ ਗੁਰਮਤਿ ਅਸੂਲਾਂ ਨੂੰ ਬੜੇ ਸਪੱਸ਼ਟ ਰੂਪ ਵਿਚ ਨਿਰਣਾਇਆ ਗਿਆ ਹੈ। ਵੀਹਵੀਂ ਸਦੀ ਵਿਚ ਵਾਪਰ ਰਹੀ ਨਾਸਤਕਤਾ, ਪੱਛਮੀ ਵਿਦਿਆ ਅਤੇ ਮਾਇਆਵਾਦ ਦੀ ਹਨੇਰੀ ਵਿਚ ਅਲੋਪ ਹੁੰਦੀ ਜਾ ਰਹੀ ਗੁਰਮਤਿ ਨੂੰ ਸੁਰਜੀਤ ਤੇ ਉਜਾਗਰ ਕਰਨ ਹਿਤ ਆਪ ਜੀ ਦੀਆਂ ਇਹ ਪੁਸਤਕਾਂ, ਸਿਖ-ਜਗਤ ਨੂੰ ਮਹਾਨ ਦੇਣ ਹਨ।

ਇਨ੍ਹਾਂ ਪੁਸਤਕਾਂ ਨੂੰ ਪੜ੍ਹ ਕੇ ਅਨੇਕਾਂ ਪ੍ਰਾਣੀਆਂ ਦੇ ਭਰਮ-ਛੌੜ ਕਟੇ ਗਏ ਅਤੇ ਗੁਰਮਤਿ ਵਲ ਪ੍ਰੇਰੇ ਗਏ, ਅਨੇਕਾਂ ਹੀ ਕੁਰਾਹੇ ਪਏ ਹੋਏ ਪ੍ਰਾਣੀਆਂ ਨੇ ਗੁਰਮਤਿ ਦੇ ਸੁਮਾਰਗ ਤੇ ਪੈ ਕੇ ਆਪਣੇ ਜੀਵਨ ਸੁਧਾਰ ਲਏ। ਇਨ੍ਹਾਂ ਪੁਸਤਕਾਂ ਦੀ ਪ੍ਰੇਰਨਾ ਸਦਕਾ ਅਨੇਕਾਂ ਜੀਊੜੇ ਅੰਮ੍ਰਿਤ ਛਕ ਕੇ ਨਾਮ-ਰਸੀਏ ਬਣ ਗਏ।

ਆਪ ਜੀ ਦੀਆਂ ਇਹ ਪੁਸਤਕਾਂ ਰਹਿੰਦੀ ਦੁਨੀਆ ਤਕ ਆਉਣ ਵਾਲੀ ਪੰਥਕ ਪਨੀਰੀ ਨੂੰ ਗੁਰਮਤਿ ਚਾਨਣ-ਮੁਨ੍ਹਾਰਾ ਬਣ ਕੇ ਜੀਵਨ-ਸੇਧਾਂ ਤੇ ਰੌਸ਼ਨੀ ਦੇਂਦੀਆਂ ਰਹਿਣਗੀਆਂ।



www.AKJ.Org

# ਨਾਨਕ ਨਾਮ ਚੜ੍ਹਦੀ ਕਲਾ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਦੀ ਕਲਾ ਦੀ ਵਿਆਖਿਆ ਇਉਂ ਹੈ : "ਚੜ੍ਹਦੀ ਕਲਾ ਨਿਹ-ਕਲੰਕ ਹੈ, ਸਿੱਖੀ ਚੜ੍ਹਦੀ ਕਲਾ ਦਾ ਹੁਲਾਸ ਹੈ। ਨਿਤ ਦਾ ਵਿਸਾਖ, ਨਿਤ ਦਾ ਉਤਸ਼ਾਹ ਅਤੇ ਨਿੱਤ ਦਾ ਵੇਗ—ਜਿਸ ਅਗੇ ਕੱਖ ਕਾਨ, ਪਾਪ, ਬਦੀਆਂ, ਜ਼ੋਰ, ਜ਼ੁਲਮ, ਜਬਰ, ਸਭ ਨੱਸ ਜਾਂਦੇ ਹਨ। ਕਿਸੇ ਦੁਖ ਵਿਚ ਕਲਾ ਨੂੰ ਖੜੇ ਨ ਹੋਣ ਦੇਣਾ, ਸਰਬੱਤ ਦੇ ਭਲੇ ਵਿਚ ਉਮਾਹੀ ਰਹਿਣਾ, ਐਸ ਤਰ੍ਹਾਂ ਆਪਣੀ ਕਲਾ ਨੂੰ ਚੜ੍ਹਦਿਆਂ ਰਖਣਾ, ਇਹ ਹੈ 'ਨਾਮ'। ਨਾਮੀ ਪੁਰਖ ਦੀ ਇਹ ਅਵਸਥਾ ਹੈ। ਇਸ ਦਸ਼ਾ ਨੂੰ ਕੇਵਲ ਬਚਨਾਂ ਦੁਆਰਾ ਗ੍ਰਹਿਣ ਨਹੀਂ ਕਰਨਾ, ਏਸ ਸਥਿਤੀ ਵਿਚ ਆਪਣੀ ਕਰਮ-ਸਾਧਨਾ ਨੂੰ ਢਾਲਣਾ ਹੈ। ਕਾਰਜ-ਖੇਤਰ ਵਿਚ ਏਸ ਹਾਲਤ ਦਾ ਦਰਸ਼ਨ ਕਰਾਉਣਾ ਹੈ ਤੇ ਸੰਸਾਰ ਨੂੰ ਦਿਖਾ ਦੇਣਾ ਹੈ ਕਿ ਕੂੜ ਦੀ ਅਮਾਵਸ ਵਿਚ ਸੱਚੇ ਨਾਮ ਦੀ ਚੜ੍ਹਦੀ ਕਲਾ ਕਿਸ ਤਰ੍ਹਾਂ ਆਪਣੇ ਪ੍ਰਕਾਸ਼ ਦੇ ਤੀਖਣ ਤੇਜ ਵਿਚ ਵਧਦੀ, ਸਰਬੱਤ ਦੇ ਭਲੇ ਵਿਚ ਫਲੀਭੂਤ ਹੁੰਦੀ ਹੈ।"

ਚੜ੍ਹਦੀ ਕਲਾ ਸੁਰਤ ਦੀ ਉੱਚੀ ਅਵਸਥਾ ਹੈ, ਜਿਸ ਵਿਚ ਨਿਰਭੈਤਾ, ਨਿਰਵੈਰਤਾ, ਆਤਮ-ਗੌਰਵ ਤੇ ਆਤਮ-ਸੰਪੰਨਤਾ ਦਾ ਸਦ-ਆਨੰਦ ਇਕਸਾਰ ਵਰਤਦਾ ਹੈ। ਇਹ ਉਹ ਬਿਰਤੀ ਹੈ ਜੋ ਦੁਖ ਵਿਚ ਸੁਖ ਮਨਾਉਂਦੀ ਤੇ ਹਾਰ ਵਿਚੋਂ ਵੀ ਧਰਮ-ਜਿੱਤ ਪ੍ਰਾਪਤ ਕਰਦੀ ਹੈ। ਇਹ ਇਕ ਤਰ੍ਹਾਂ ਦੀ ਬੰਧਨ-ਮੁਕਤੀ ਹੈ, ਜਿਸ ਦਾ ਸਹੀ ਪ੍ਰਮਾਣ ਅਜ਼ਮਾਇਸ਼ ਪਿਆਂ ਤੇ ਮਿਲਦਾ ਹੈ। ਖ਼ਾਲਸਾ ਜੀ ਦੀ ਜ਼ਿੰਦਗੀ ਵਿਚ—ਜੋ ਅਜ਼ਮਾਇਸ਼ਾਂ ਹੀ ਅਜ਼ਮਾਇਸ਼ਾਂ ਵਿਚੋਂ ਲੰਘੀ ਹੈ—ਇਸ ਬਿਰਤੀ ਦਾ ਪ੍ਰਤੱਖ ਪ੍ਰਮਾਣ ਮਿਲਦਾ ਹੈ।

ਚੜ੍ਹਦੀ ਕਲਾ, ਚੜ੍ਹਦੇ ਵਿਸ਼ਵਾਸ ਦੀ ਸੂਚਕ ਹੁੰਦੀ ਹੈ। ਇਹ ਹਾਲਾਤ ਤੋਂ ਨਹੀਂ ਬਣਦੀ, ਇਹ ਤਾਂ ਹਾਲਾਤ ਨੂੰ ਚੁਨੌਤੀ ਦੇ ਕੇ ਵਿਚਰਦੀ ਹੈ। ਹਸਦਾ ਸਬਰ ਤੇ ਖਿੜਿਆ ਸੰਤੋਖ ਇਸ ਦਾ ਮੁਹਾਂਦਰਾ ਘੜਦੇ ਹਨ। ਭਵਿਖ ਲਈ ਉਮਾਹ ਤੇ ਉੱਦਾਤ ਪ੍ਰੇਰਨਾ[1] ਇਸ ਦੀ ਦ੍ਰਿਸ਼ਟੀ ਵਿਚ ਵਰਤਦੇ ਹਨ। ਭਾਵੇਂ ਸੰਗ ਸਖਾ ਸਭ ਤਜ ਜਾਣ, ਇਸ ਦਾ ਧੀਰਜ ਬਲਵਾਨ ਰਹਿੰਦਾ ਹੈ। ਆਸ ਇਸ ਦਾ ਆਸਰਾ ਨਹੀਂ ਹੋਂਦੀ, ਵਿਸ਼ਵਾਸ ਇਸ ਦੀ ਧਾਰਨਾ ਹੁੰਦਾ ਹੈ। ਦੁਨੀਆ ਦੀ ਨਜ਼ਰ ਵਿਚ ਹਾਰ ਭੀ ਹੋ ਗਈ ਹੋਵੇ ਤਾਂ ਵੀ ਇਸ ਦੇ ਸਿਰ ਤੇ ਸ੍ਵੈਭਿਮਾਨ ਦਾ ਤਾਜ ਚਮਕਦਾ ਹੈ। ਚੜ੍ਹਦੀ ਕਲਾ ਕਿਸੇ ਔਕੜ ਨੂੰ ਔਕੜ ਨਹੀਂ ਮੰਨਦੀ; ਹਰ ਔਕੜ ਨਾਲ ਟਿੱਚਰਾਂ ਕਰਦੀ ਇਕ ਅਜੀਬ ਅਡੋਲਤਾ ਵਿਚ ਵਿਚਰਦੀ ਹੈ। ਇਹ ਭਵਿੱਖ ਨੂੰ ਆਪਣੇ ਹੱਥਾਂ ਚੋਂ ਕਿਰਨ ਨਹੀਂ ਦੇਂਦੀ, ਨ ਇਸ ਨੂੰ ਦੋਖੀਆਂ ਦੇ ਹਵਾਲੇ ਹੋਣ ਦੇਂਦੀ ਹੈ। ਇਹ ਤਾਂ ਜ਼ਿੰਦਗੀ ਨਾਲ ਚੁਹਲ ਕਰਦੀ ਭਵਿਖ ਨੂੰ ਮਨ-ਚਾਹੀ ਰੰਗਣ ਵਿਚ ਰੰਗਦੀ ਤੁਰੀ ਜਾਂਦੀ ਹੈ।

ਇਹ ਐਸੀ ਉੱਚੀ ਤੇ ਬਲਵਾਨ ਸੁਰਤ ਹੈ, ਜੋ ਸਾਥੀਆਂ ਦੀ ਕਾਇਰਤਾ ਵੇਖ ਕੇ ਵੀ ਦਿਲ ਨਹੀਂ ਹਾਰਦੀ। ਵੇਖ ਕੇ ਅਣਡਿੱਠ ਕਰਦੀ ਤੇ ਉਦਾਰਤਾ ਨਾਲ ਖਿਮਾ ਕਰਨ ਨੂੰ ਤਤਪਰ ਰਹਿੰਦੀ ਹੈ।

ਨਿਰਭੈਤਾ ਇਸ ਦਾ ਮੂਲ ਗੁਣ ਹੁੰਦਾ ਹੈ। ਮੌਤ ਨਾਲ ਵੀ ਇਹ ਮਖੌਲ ਕਰਦੀ ਹੈ; ਇਸ ਲਈ, ਕਿਉਂਕਿ ਇਹ ਜਾਣਦੀ ਹੈ :

> ਮੈ ਨ ਮਰਉ ਮਰਿਬੋ ਸੰਸਾਰਾ। ਅਬ ਮੋਹਿ ਮਿਲਿਓ ਹੈ ਜੀਆਵਨਹਾਰਾ।
>
> —ਗਉੜੀ ਕਬੀਰ (325/16)

ਇਹ ਨਿਹੰਗ ਬਿਰਤੀ ਹੈ, ਫ਼ਿਕਰ ਫ਼ਾਕੇ ਤੋਂ ਅਤੀਤ, ਦੁਖ ਕਲੇਸ਼ ਤੋਂ ਉਤਾਂਹ, ਰੋਗ ਸੋਗ ਤੋਂ ਬੇਫ਼ਿਕਰ। ਇਹ ਸਦਾ "ਜੂਝਣ ਕੋ ਦਾਓ" ਵਿਚ ਰਹਿੰਦੀ ਹੈ। ਹੌਸਲਾ, ਸਾਹਸ, ਉਤਸ਼ਾਹ, ਤੇ ਉਮਾਹ ਇਸ ਦੇ ਸੀਨੇ ਵਿਚ ਧੜਕਦੇ ਹਨ। ਚਾਉ, ਖੇੜਾ, ਤੇ ਸਦਾ-ਵਿਗਾਸ ਇਸ ਦੀ ਪੇਸ਼ਾਨੀ ਤੇ ਵਸਦੇ ਹਨ।

1. ਅਗਾਂਹ ਕੂ ਤ੍ਰਾਂਘਿ ਪਿਛਾ ਫੇਰਿ ਨ ਮੁਹਡੜਾ। ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ।
—ਮਾਰੂ ਵਾਰ ੫, ਡਖਣੇ ਮ: ੫ (1096/13)



www.AKJ.Org

ਐਸੀ ਚੜ੍ਹਦੀ ਕਲਾ ਪ੍ਰਾਪਤ ਕਿਵੇਂ ਹੁੰਦੀ ਹੈ ? ਕਹਿਣ ਨੂੰ ਤਾਂ ਬੜੇ ਲੋਕ ਆਪਣੇ ਆਪ ਨੂੰ ਚੜ੍ਹਦੀ ਕਲਾ ਵਾਲਾ ਕਹਿੰਦੇ ਹੋਣਗੇ, ਪਰ ਕੋਈ ਵਿਰਲਾ ਹੀ ਐਸਾ ਹੁੰਦਾ ਹੈ ਜਿਸ ਦੀ ਜ਼ਿੰਦਗੀ ਵਿਚੋਂ ਦੁੱਖ ਸਚਮੁਚ ਉਠ ਜਾਂਦਾ ਹੈ ਤੇ ਸਦਾ ਸੁੱਖ ਹੀ ਵਰਤਦਾ ਹੈ; ਬੁਰਾ ਕੁਝ ਵੀ ਨਹੀਂ ਹੋਂਦਾ, ਸਭ ਕੁਝ ਚੰਗਾ ਹੀ ਹੋਂਦਾ ਹੈ; ਸੋਗ ਕਿਤੇ ਨਹੀਂ ਦਿਸਦਾ, ਹਰਬੇ ਹਰਖ ਹੀ ਪ੍ਰਤੀਤ ਹੁੰਦਾ ਹੈ, ਹਾਰ ਕਦੇ ਨਹੀਂ ਹੋਂਦੀ, ਸਦਾ ਜਿੱਤ ਹੀ ਪ੍ਰਾਪਤ ਹੁੰਦੀ ਹੈ :

ਕਹਨ ਕਹਾਵਨ ਕਉ ਕਈ ਕੇਤੇ । ਐਸੋ ਜਨੁ ਬਿਰਲੋ ਹੈ ਸੇਵਕੁ ਜੋ ਤਤ ਜੋਗ ਕਉ ਬੇਤੈ ।
ਦੁਖੁ ਨਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ । ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ।
ਸੋਗੁ ਨਾਹੀ ਸਦਾ ਹਰਖੀ ਹੈ ਰੇ ਛੋਡਿ ਨਹੀ ਕਿਛੁ ਲੇਤੈ ।
ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ ਕਤ ਆਵੈ ਕਤ ਰਮਤੈ । —ਕਾਨੜਾ ਮ: ੫, 1302/7

ਚੜ੍ਹਦੀ ਕਲਾ ਵਿਚ ਕਿਸੇ ਊਣਤਾਈ, ਕਿਸੇ ਕਮਤਰੀ ਦੇ ਇਹਸਾਸ ਜਾਂ ਕਿਸੇ ਹੀਨ ਭਾਵਨਾ ਦੀ ਕੋਈ ਥਾਂ ਨਹੀਂ ਹੁੰਦੀ । ਇਸ ਵਿਚ ਤਾਂ ਜ਼ਿੰਦਗੀ ਨੂੰ ਰੰਗ ਲੱਗਾ ਹੁੰਦਾ ਹੈ । ਇਹ ਤਾਂ ਅਨੰਤ ਖੁਸ਼ੀਆਂ ਦਾ ਘਰ ਹੈ, ਜਿਥੇ ਸੋਗ ਦਾ ਨਾਮ ਨਿਸ਼ਾਨ ਨਹੀਂ ।[1] ਇਹ ਤਾਂ 'ਸਤਿ ਸੁਹਾਣੁ ਸਦਾ ਮਨਿ ਚਾਉ' ਦੀ ਅਵਸਥਾ ਹੈ । ਮਨ ਵਿਚ ਸਦਾ ਬਹਾਰ, ਇਕ ਅੰਦਰਲੀ ਸੁੰਦਰਤਾ ਦਾ ਪਾਸਾਰ । ਪਰ ਐਸੀ ਦਸ਼ਾ ਉਸ ਦੇ ਜੀਵਨ ਵਿਚ ਵਰਤਦੀ ਹੈ ਜੋ ਨਾਮ-ਰਸ ਵਿਚ ਭਿੱਜਾ ਹੋਵੇ, ਜੋ 'ਤੱਤ ਜੋਗ ਕਾ ਬੇਤਾ' ਹੋਵੇ । ਅੰਦਰ ਦਾ ਸੁਹਾਣ, ਅੰਦਰ ਦਾ ਚਾਉ, ਅੰਦਰ ਦੀ ਚੜ੍ਹਦੀ ਚਲਾ ਨਾਮ ਦੇ ਸੱਚ ਆਸਰੇ ਕਾਇਮ ਹਨ—ਨਾਮ ਦੇ ਸੱਚ, ਸਤਿ ਨਾਮ ਆਸਰੇ । ਨਾਮ ਹੀ ਤਨ ਮਨ ਨੂੰ ਹਰਿਆਂ ਕਰਦਾ ਹੈ ।

ਨਾਨਕ ਨਾਮੁ ਮਿਲੈ ਤਾ ਜੀਵਾਂ ਤਨੁ ਮਨੁ ਥੀਵੈ ਹਰਿਆ ।—ਸਲੋਕ ਮ: ੫ (1429/13)

ਗੁਰੂ ਅਰਜਨ ਸਾਹਿਬ ਦੀ ਜ਼ਿੰਦਗੀ ਚੜ੍ਹਦੀ ਕਲਾ ਦੀ ਅਦਭੁਤ ਮਿਸਾਲ ਸੀ । ਇਕ ਸਮਾਂ ਐਸਾ ਵੀ ਉਹਨਾਂ ਤੇ ਆਇਆ ਜਦੋਂ ਪ੍ਰਿਥੀ ਚੰਦ ਨੇ ਆਪਣੇ ਏਜੰਟਾਂ ਰਾਹੀਂ ਸਭ ਪਾਸਿਆਂ ਤੋਂ ਨਾਕਾ-ਬੰਦੀ ਕੀਤੀ ਹੋਈ ਸੀ, ਕਿਸੇ ਸਿੱਖ ਨੂੰ ਗੁਰੂ-ਦਰਬਾਰ ਨ ਪਹੁੰਚਣ ਦੇਵੇ । ਏਜੰਟਾਂ ਰਾਹੀਂ ਭੁਚਲਾ ਕੇ ਆਪਣੇ ਡੇਰੇ ਲੈ ਜਾਇਆ ਕਰੇ। ਗੁਰੂ ਅਰਜਨ ਦੇਵ ਜੀ ਦੇ ਦਰਬਾਰ ਹਾਜ਼ਰੀ ਬਹੁਤ ਘੱਟ ਗਈ । ਚੜ੍ਹਾਵਾ ਨਾਮ ਮਾਤ੍ਰ ਰਹਿ ਗਿਆ । ਰਸਦ ਪਾਣੀ ਖ਼ਤਮ ਹੋ ਗਿਆ । ਲੰਗਰ ਮਸਤਾਨਾ ਹੋ ਗਿਆ । ਗੁਰੂ ਅਰਜਨ ਦੇਵ ਜੀ ਤੇ ਮਾਤਾ ਗੰਗਾ ਜੀ ਤੀਸਰੇ ਦਿਨ ਦਾ ਰੁੱਖਾ ਪਰਸ਼ਾਦਾ ਛੱਕ ਰਹੇ ਸਨ । ਐਸੀ ਅਵਸਥਾ ਵਿਚ ਵੀ ਚੜ੍ਹਦੀ ਕਲਾ ਵਾਲਾ ਸਤਿਗੁਰੂ ਗਾ ਰਿਹਾ ਸੀ :

ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ । —ਕਾਨੜਾ ਮ: ੫ (1306/12)

ਐਸਾ ਸਤਿਗੁਰੂ ਹੀ ਫਿਰ ਤੱਤੀ ਤਵੀ ਉਪਰ ਬੈਠ ਕੇ ਆਖ ਸਕਦਾ ਸੀ :

ਤੇਰਾ ਕੀਆ ਮੀਠਾ ਲਾਗੈ । ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ । —ਆਸਾ ਮ: ੫ (394/4)

ਭਾਣਾ ਤਾਂ ਹਰ ਕੋਈ ਮੰਨਦਾ ਹੈ, ਕਿਉਂਕਿ ਮੰਨਣਾ ਪੈਂਦਾ ਹੈ । ਪਰ, ਭਾਣੇ ਨੂੰ ਮਿੱਠਾ ਕਰ ਕੇ ਓਹੋ ਮੰਨਦਾ ਹੈ ਜਿਸ ਦੀ ਆਤਮਾ ਨਾਮ ਵਿਚ ਰੰਗੀ ਹੁੰਦੀ ਹੈ ਤੇ ਜੋ ਸਦਾ ਚੜ੍ਹਦੀ ਕਲਾ ਵਿਚ ਵਿਚਰਦਾ ਹੈ—ਨਾਮ ਦੀ ਚੜ੍ਹਦੀ ਕਲਾ ਵਿਚ । ਐਸੇ ਮਹਾ ਪੁਰਖ ਦਾ ਮਨ ਢਹਿੰਦੀ ਕਲਾ ਵਿਚ ਨਹੀਂ ਜਾਂਦਾ । ਜਿਸ ਦਾ ਮਨ ਨ ਡਿਗੇ, ਉਸ ਦੇ ਤਨ ਨੂੰ ਕਉਣ ਡਰਾ ਸਕਦਾ ਹੈ, ਕਉਣ ਹਰਾ ਸਕਦਾ ਹੈ ?

ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ । ਚਰਨ ਕਮਲ ਚਿਤੁ ਰਹਿਓ ਸਮਾਇ ।—ਭੈਰਉ ਕਬੀਰ (1162/3)

ਐਸੀ ਚੜ੍ਹਦੀ ਕਲਾ ਦੇ ਨਮੂਨੇ ਅਨੇਕਾਂ ਸਿੰਘਾਂ ਦੇ ਜੀਵਨ ਵਿਚ ਵੀ ਮਿਲਦੇ ਹਨ । ਦਿੱਲੀ ਦੀ ਮੁਗ਼ਲ ਸਰਕਾਰ ਸਿੱਖਾਂ ਦਾ ਸ਼ਿਕਾਰ ਕਰਨ ਤੇ ਤੁਲੀ ਹੋਈ ਸੀ । ਦਸ ਦਸੰਬਰ 1710 ਈ: ਨੂੰ ਸ਼ਾਹੀ ਫ਼ੁਰਮਾਨ ਕਢਿਆ ਗਿਆ ਕਿ "ਨਾਨਕ ਪ੍ਰਸਤਾਂ ਰਾ ਹਰ ਜਾ ਕਿ ਬਯਾਬੰਦ ਬ-ਕਤਲ ਰਸਾਨੰਦ"[2] ਅਰਥਾਤ, 'ਜਿਥੇ ਕਿਤੇ ਵੀ ਗੁਰੂ ਨਾਨਕ ਦੇ ਪੈਰੋਕਾਰ ਮਿਲਣ ਉਹਨਾਂ ਨੂੰ ਜਾਨੋਂ ਮਾਰ ਦਿਤਾ ਜਾਵੇ ।' ਇਸ ਹੁਕਮ ਉਤੇ ਲਗ ਭਗ ਅਗਲੇ ਪੰਜਾਹ ਸਾਲ ਦੂਰ

1. ਹਰਖ ਅਨੰਤ ਸੋਗ ਨਹੀ ਬੀਆ । ਸੋ ਘਰੁ ਗੁਰਿ ਨਾਨਕ ਕਉ ਦੀਆ । —ਗਉੜੀ ਮ: ੫ (186/18)
2. ਅਖ਼ਬਾਰ ਦਰਬਾਰੇ ਮੁਅੱਲਾ ।



www.AKJ.Org

ਦੂਰ ਤਕ ਅਮਲ ਹੁੰਦਾ ਰਿਹਾ। ਘਰ ਵਿਚ ਮੁਗ਼ਲ ਹਕੂਮਤ ਵੈਰੀ ਸੀ, ਬਾਹਰੋਂ ਅਬਦਾਲੀ ਬਾਰ ਬਾਰ ਹੱਲੇ ਕਰ ਰਿਹਾ ਸੀ। ਇਸ ਹਾਲਤ ਵਿਚ ਲਗ ਭਗ ਸਭੇ ਸਿਖ ਘਰ-ਬਦਰ ਹੋਏ ਪਏ ਸਨ। ਸਰਕਾਰ ਦੀਆਂ ਨਜ਼ਰਾਂ ਵਿਚ ਉਹ ਉੱਗਰਵਾਦੀ[1] ਸਨ। ਹਰਬੇ ਤੂੰਬਿਆਂ ਵਾਂਗ ਉਡਾਏ ਜਾ ਰਹੇ ਸਨ। ਇਹਨਾਂ ਦੇ ਸਿਰ ਨੇਜ਼ਿਆਂ ਤੇ ਟੰਗ ਕੇ ਲਿਜਾਏ ਜਾਂਦੇ ਸਨ। ਜੰਗਲਾਂ ਵਿਚ ਭੁੱਖੇ ਤਿਹਾਏ ਲੁਕਦੇ ਫਿਰਦੇ ਸਨ। ਫਿਰ ਵੀ ਅਕਾਲ ਪੁਰਖ ਦੀਆਂ 'ਲਾਡਲੀਆਂ ਫ਼ੌਜਾਂ' ਚੜ੍ਹਦੀ ਕਲਾ ਵਿਚ ਸਨ। ਭੁੱਜੇ ਛੋਲਿਆਂ ਨੂੰ ਬਦਾਮ, ਹੋਲਾਂ ਨੂੰ ਇਲਾਇਚੀ, ਸਾਗ ਨੂੰ ਸਬਜ਼ ਪੁਲਾਓ, ਛੋਲੀਏ ਨੂੰ ਸਉਗੀ, ਬੇਰਾਂ ਨੂੰ ਖ਼ੁਰਮਾ, ਡੇਲਿਆਂ ਨੂੰ ਬਿਦਾਨਾ, ਬਾਜਰੇ ਨੂੰ ਲਾਚੀਦਾਣਾ, ਫਾਕੇ ਨੂੰ ਲੰਗਰ ਮਸਤਾਨਾ ਆਖ ਕੇ ਸਭ ਮੁਸੀਬਤਾਂ ਨਾਲ ਟਿੱਚਰਾਂ ਕਰਦੇ ਫਿਰਦੇ ਸਨ। ਟੁੱਟੇ ਛੱਪਰ ਨੂੰ ਸ਼ੀਸ਼ ਮਹੱਲ ਆਖਦੇ ਸਨ। ਇਕ ਇਕੱਲਾ ਸਿੰਘ ਆਪਣੇ ਆਪ ਨੂੰ ਫ਼ੌਜ ਆਖਦਾ ਸੀ। ਜੰਗਲ ਜਾਣ ਨੂੰ ਮੈਦਾਨ ਮਾਰਨਾ ਆਖਦੇ। ਹਰ ਸਿੰਘ ਦਾ ਡੇਰਾ ਛਾਉਣੀ ਸੀ। ਹਰ ਬਾਲਕ ਭੁਜੰਗੀ ਸੀ। ਕੋਈ ਗੁਜ਼ਰ ਜਾਏ ਤਾਂ ਕਹਿੰਦੇ ਉਹ 'ਚੜ੍ਹਾਈ ਕਰ ਗਿਆ'। ਕਮਾਲ ਨਿਡਰਤਾ ਨਾਲ ਉਹ ਜੀਊਂਦੇ ਸਨ। ਉਹ ਸੱਚ ਮੁੱਚ ਜੀਊਂਦੇ ਸਨ। ਸਭ ਰੋਕਾਂ ਰੁਕਾਵਟਾਂ ਨੂੰ ਵੀ, ਤੇ ਰੋਕਾਂ ਰੁਕਾਵਟਾਂ ਪਾਉਣ ਵਾਲਿਆਂ ਨੂੰ ਵੀ ਤੁੱਛ ਸਮਝਦੇ ਸਨ। ਸਰਕਾਰੀ ਅਹੁਦੇਦਾਰਾਂ ਦੇ ਉਹਨਾਂ ਘਿਨਾਉਣੇ ਨਾਮ ਰਖੇ ਹੋਏ ਸਨ। ਉਹ ਗਧੇ ਨੂੰ ਥਾਣੇਦਾਰ, ਕੁੱਤੇ ਨੂੰ ਕੁਤਬਦੀਨ, ਛੱਜ ਨੂੰ ਅਦਾਲਤੀਆ, ਖੂੰਡੇ ਨੂੰ ਕਾਨੂੰਗੋ ਆਖਦੇ ਸਨ। ਜੁੱਤੀਆਂ ਟਕਰਾ ਕੇ ਝਾੜਨ, ਤਾਂ ਕਹਿੰਦੇ ਪਠਾਣਾਂ ਦੇ ਸਿਰ ਟਕਰਾ ਰਹੇ ਹਾਂ। ਉਹ ਹਰ ਤਰ੍ਹਾਂ ਦੇ ਲੋਭ-ਲਾਲਚ ਤੋਂ ਉਪਰ ਸਨ। ਰੁਪਏ ਨੂੰ ਛਿੱਲੜ ਤੇ ਸ਼ਾਹੀ ਜਾਗੀਰ ਨੂੰ ਟੁੱਕਰ ਆਖਦੇ ਸਨ। ਇਸ ਪ੍ਰਕਾਰ ਦੇ ਸਿੰਘ-ਬੋਲੇ ਉਹਨਾਂ ਸਿਦਕਵਾਨਾਂ ਦੀ ਚੜ੍ਹਦੀ ਕਲਾ ਦੇ ਸੂਚਕ ਸਨ।

ਨਾਦਰ ਸ਼ਾਹ ਜਦੋਂ ਲਾਹੌਰ ਆਇਆ ਤਾਂ ਉਸ ਨੇ ਪੰਜਾਬ ਦੇ ਸੂਬੇਦਾਰ ਜ਼ਕਰੀਆ ਖ਼ਾਨ ਨੂੰ ਪੁੱਛਿਆ, "ਇਹ ਕੌਣ ਲੋਕ ਹਨ, ਜਿਨ੍ਹਾਂ ਮੇਰੀ ਫ਼ੌਜ ਦੀਆਂ ਕਤਾਰਾਂ ਨੂੰ ਅਨੇਕਾਂ ਵੇਰ ਤੋੜਿਆ ਤੇ ਦਰਹਮ ਬਰਹਮ ਕੀਤਾ? ਮੈਨੂੰ ਦੱਸ ਇਹ ਕਿੱਥੇ ਰਹਿੰਦੇ ਹਨ, ਤਾਂ ਜੁ ਮੈਂ ਇਨ੍ਹਾਂ ਦੇ ਸਾਰੇ ਕਬੀਲੇ ਦਾ ਸਫ਼ਾਇਆ ਕਰਦਾ ਜਾਵਾਂ।" ਜ਼ਕਰੀਏ ਨੇ ਜਵਾਬ ਵਿਚ ਆਖਿਆ, 'ਇਹਨਾਂ ਦਾ ਕੀ ਪੁੱਛਦੇ ਹੋ?—ਇਹ ਤਾਂ ਧੁਰ ਜੰਗਲਾਂ ਵਿਚ ਰਹਿੰਦੇ ਹਨ। ਘਰ ਘਾਟ ਇਹਨਾਂ ਦੇ ਘੋੜਿਆਂ ਦੀਆਂ ਕਾਠੀਆਂ ਉਤੇ ਹਨ। ਇਹ ਲੋਕ ਅਨੋਖੀ ਰਹਿਣੀ ਬਹਿਣੀ ਦੇ ਮਾਲਕ ਹਨ। ਬੋਲ ਚਾਲ ਵੀ ਇਹਨਾਂ ਦੀ ਅਜੀਬ ਹੈ।" ਤਦ ਜ਼ਕਰੀਏ ਨੇ ਕੁਝ ਕੁ ਸਿੰਘ ਬੋਲਿਆਂ ਦੇ ਨਮੂਨੇ ਨਾਦਰ ਸ਼ਾਹ ਨੂੰ ਸੁਣਾਏ। ਸੁਣ ਕੇ ਉਹ ਹੱਕਾ ਬੱਕਾ ਰਹਿ ਗਿਆ ਤੇ ਕਹਿਣ ਲੱਗਾ, "ਅਜ਼ੀਂ ਕੌਮ ਬੂਏ ਸਲਤਨਤ ਮੀ ਆਯਦ।" ਅਥਵਾ, 'ਇਸ ਕੌਮ ਦੇ ਤੌਰ ਤਰੀਕੇ ਤੋਂ ਮੈਨੂੰ ਬਾਦਸ਼ਾਹਤ ਦੀ ਬੂ ਆਉਂਦੀ ਹੈ।' ਇਸ ਦੀ ਸਾਖੀ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਇਉਂ ਭਰੀ ਹੈ:

ਸੁਨ ਹਵਾਲ ਸਿੰਘਨ ਕਾ ਨਾਦਰ ਸ਼ਾਹ ਵਿਸਮਾਇ। ਅੰਗੁਰੀ ਦਾਤਨ ਮੇਂ ਲਈ ਗ਼ੈਰਤ ਹੈਰਤ ਖਾਇ।
ਨਾਦਰ ਕਾਦਰ ਸੋਚ ਪੁਨ ਕਹਯੋ ਨਵਾਬਹਿ ਐਸ। ਜੇਕਰ ਹੈ ਯਹਿ ਐਸ ਹੀ ਭਾਖਤ ਹੋ ਤੁਮ ਜੈਸ।
ਤੋ ਇਹ ਮਾਰੇ ਨ ਮਰੈਂ, ਜੀਤ ਸਕੈ ਇਨ ਕੌਨ? ਨਾਹਕ ਸਹਤ ਕਲੇਸ਼ ਤੁਮ ਦੂਖ ਦੇਤ ਇਹ ਜੌਨ।
ਮਾਰਤ ਹੋ ਤੁਮ ਆਪ ਹੀ ਅਪਨੇ ਪੈਰ ਕੁਠਾਰ। ਕੁਛ ਦਿਨ ਕੋ ਸਿੰਘ ਹੋਇ ਹੈਂ ਭੂਪਤਿ ਮੁਲਕ ਮਝਾਰ।

—77ਵਾਂ ਨਿਵਾਸ, ਪੰਨਾ 735

1. 'ਉਗਰਵਾਦੀ' ਦਾ ਖ਼ਿਤਾਬ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜੋ ਸਥਾਪਿਤ ਰਾਜ ਪ੍ਰਬੰਧ ਨੂੰ ਸਸ਼ਸਤ੍ਰ ਹੋ ਕੇ ਚੁਨੌਤੀ ਦੇਂਦਾ ਹੈ। ਉਹ ਕਾਮਯਾਬ ਹੋ ਜਾਵੇ ਤਾਂ ਦੇਸ਼-ਭਗਤ ਕਹਾਉਂਦਾ ਹੈ, ਹਾਰ ਜਾਵੇ ਤਾਂ ਦੇਸ਼-ਧ੍ਰੋਹੀ। ਜ਼ਾਰ ਦੀ ਨਜ਼ਰ ਵਿਚ ਬਾਲਸ਼ਵਿਕ ਉਗਰਵਾਦੀ ਸਨ। ਫ਼੍ਰਾਂਸ ਦੇ ਇਨਕਲਾਬੀਆਂ ਨੂੰ ਵੀ ਪਹਿਲੋਂ ਉਗਰਵਾਦੀ ਕਿਹਾ ਗਿਆ। ਜਦ ਉਹ ਇਨਕਲਾਬ ਲਿਆਉਣ ਵਿਚ ਸਫਲ ਹੋਏ ਤਾਂ ਮਹਾਨ ਦੇਸ਼-ਭਗਤ ਕ੍ਰਾਂਤੀਕਾਰੀ ਕਹਾਏ। ਸਿਖ ਧਰਮ ਵਿਚ ਆਪਣੀ ਫ਼ਤਹ ਉਪਰ ਅੱਖ ਨਹੀਂ ਹੁੰਦੀ, ਆਦਰਸ਼ਾਂ ਦੀ ਫ਼ਤਹ ਉਪਰ ਅੱਖ ਹੁੰਦੀ ਹੈ। ਫਤਹ ਤਾਂ ਵਾਹਿਗੁਰੂ ਜੀ ਦੀ ਹੁੰਦੀ ਹੈ। ਇਸ ਲਈ ਸਿਖ ਕਦੇ ਉਗਰਵਾਦੀ ਨਹੀਂ ਹੋਂਦਾ।



www.AKJ.Org

# ਜਪ-ਯੋਗ ਤੇ ਗੁਰਮਤਿ

[ਸੂਬੇਦਾਰ ਧਰਮ ਸਿੰਘ ਜੀ, ਪਿੰਡ ਤੇ ਡਾਕਘਰ ਸੁਜੋਂ ਜ਼ਿਲਾ ਜਲੰਧਰ ਪੰਜਾਬ]

ਭਾਰਤ ਵਰਸ਼ ਆਦਿ ਤੋਂ ਹੀ ਧਾਰਮਕ ਵਿਚਾਰ-ਧਾਰਾਵਾਂ ਦਾ ਦੇਸ਼ ਰਿਹਾ ਹੈ। ਪ੍ਰਾਚੀਨ ਕਾਲ ਦੇ ਰਿਸ਼ੀਆਂ ਮੁਨੀਆ ਨੇ ਵੇਦਾਂ, ਸ਼ਾਸਤਰਾਂ ਅਤੇ ਉਪਨਿਸ਼ਦਾਂ ਦਵਾਰਾ ਆਪਣੇ ਆਪਣੇ ਵਿਚਾਰਾਂ ਅਨੁਸਾਰ ਜੀਵਨ-ਸਮੱਸਿਆ ਹਲ ਕਰਨ ਦੇ ਢੰਗ-ਤਰੀਕੇ ਦਰਸਾਉਣ ਦੇ ਯਤਨ ਕੀਤੇ, ਜਿਵੇਂ ਕਿ ਵੇਦਾਂਤ, ਯੋਗ, ਹਠ ਯੋਗ ਆਦਿ ਪਰਨਾਲੀਆਂ ਇਸੀ ਗੁੱਥੀ ਨੂੰ ਸੁਲਝਾਉਣ ਲਈ ਯਤਨ-ਸ਼ੀਲ ਹਨ। ਇਸੀ ਤਰ੍ਹਾਂ ਹੀ ''ਜਪ ਯੋਗ'' ਨੇ ਭੀ ਇਸ ਗੁੱਥੀ ਨੂੰ ਸੁਲਝਾਉਣ ਵਿਚ ਆਪਣਾ ਚੋਖਾ ਯੋਗ ਦਾਨ ਪਾਇਆ ਹੈ।

**ਜਪ-ਯੋਗ–**

ਸੰਖੇਪ ਵਿਚ ਜਪ-ਯੋਗ ਦਾ ਸਿਧਾਂਤ ਇਸ ਪਰਕਾਰ ਹੈ :— ਸਾਧਕ ਜਨ ਆਪਣੇ ਗੁਰੂ ਤੋਂ ਗੁਰ-ਮੰਤਰ ਲੈ, ਜਪ ਸ਼ੁਰੂ ਕਰਦਾ ਹੈ। ਇਹ ਗੁਰ-ਮੰਤਰ ਸਾਰਿਆਂ ਦਾ ਇਕ ਹੀ ਨਹੀਂ, ਸਗੋਂ ਜਿਤਨੇ ਗੁਰੂ ਉਤਨੇ ਹੀ ਉਨ੍ਹਾਂ ਦੇ ਵਖੋ ਵਖ ਗੁਰ-ਮੰਤਰ। ਸਾਧਕ ਆਪਣੇ ਗੁਰ-ਮੰਤਰ ਦਾ ਜਪ ਜ਼ਬਾਨ ਨਾਲ ਬੋਲ ਕੇ ਸ਼ੁਰੂ ਕਰਦਾ ਹੈ। ਅਭਿਆਸ ਵਧਣ ਨਾਲ ਇਹ ਆਵਾਜ਼ ਸੂਖਸ਼ਮ ਹੁੰਦੀ ਹੋਈ ਸਾਧਕ ਨੂੰ ਹੀ ਸੁਣਦੀ ਹੈ, ਕੋਲ ਬੈਠੇ ਦੂਸਰੇ ਪ੍ਰਾਣੀ ਨੂੰ ਸੁਣਾਈ ਨਹੀਂ ਦੇਂਦੀ, ਸਿਰਫ ਬੁੱਲ੍ਹ ਹਿਲਦੇ ਹੀ ਨਜ਼ਰ ਆਉਂਦੇ ਹਨ। ਹੋਰ ਅਭਿਆਸ ਵਧਣ ਨਾਲ 'ਜਪ' ਸੁਰਤੀ ਵਿਚ ਹੋਣ ਲਗ ਜਾਂਦਾ ਹੈ। ਮਨ ਦੀ ਇਕਾਗਰਤਾ ਵਧਦੀ ਹੈ। ਜਪ ਦੀ ਇਹ ਆਵਾਜ਼ ਸੁਰਤੀ ਵਿਚ ਹੀ ਉਚੀ ਹੁੰਦੀ ਜਾਂਦੀ ਹੈ। ਇਕ ਖ਼ਾਸ ਹਦ ਤੇ ਪਹੁੰਚ ਕੇ ਫਿਰ ਮਧਮ ਹੋਣੀ ਸ਼ੁਰੂ ਹੁੰਦੀ ਹੈ। ਮਧਮ ਹੁੰਦੀ ਹੁੰਦੀ ਆਖਰ ਜਪ ਦੀ ਆਵਾਜ਼ ਬਿਲਕੁਲ ਹੀ ਬੰਦ ਹੋ ਜਾਂਦੀ ਹੈ। ਸਾਧਕ ਆਪਣੇ ਆਪ ਤੇ ਆਪਣੇ ਚੋਗਿਰਦੇ ਤੋਂ ਬਿਲਕੁਲ ਬੇ-ਖ਼ਬਰ ਹੋ ਜਾਂਦਾ ਹੈ। ਮਨ ਦੇ ਚੁਪ ਹੋਣ ਕਾਰਨ ਸਾਧਕ ਸਮਾਧੀ-ਅਵੱਸਥਾ ਵਿਚ ਚਲਾ ਜਾਂਦਾ ਹੈ।

ਇਸ ਅਵਸਥਾ ਵਿਚ ਸਾਧਕ ਆਪਣੇ ਸਥੂਲ ਤੇ ਸੂਖਸ਼ਮ ਸਰੀਰਾਂ ਤੋਂ ਆਜ਼ਾਦ ਹੋ ਆਪਣੇ ''ਨਿਜ ਸਵਰੂਪ'', ਭਾਵ, ਜੀਵ-ਆਤਮਾ ਦਾ ਅਨੰਦ ਮਾਣਦਾ ਹੈ। ਇਸ ਹਾਲਤ ਵਿਚ ਇਕ ਅਨੋਖਾ ਅਨੰਦ ਪ੍ਰਤੀਤ ਕੀਤਾ ਜਾਂਦਾ ਹੈ। ਸਾਧਕ ਜਿਤਨੀ ਦੇਰ ਚਾਹੇ, ਇਸ ਅਵਸਥਾ ਦਾ ਅਨੰਦ ਮਾਣਦਾ ਹੈ। ਜਦੋਂ ਆਮ ਹਾਲਤ ਵਿਚ ਪਰਤਣ ਦੀ ਇੱਛਾ ਕਰਦਾ ਹੈ, ਸੁਰਤੀ ਦੀ ਉਲਟੀ ਕਿਰਿਆ ਸ਼ੁਰੂ ਹੋ ਜਾਂਦੀ ਹੈ। ਬੰਦ ਹੋਇਆ ਉਹ ਜਾਪ ਮੁੜ ਸੁਰਤੀ ਵਿਚ ਸ਼ੁਰੂ ਹੋ ਜਾਂਦਾ ਹੈ ਤੇ ਹੌਲੀ ਹੌਲੀ ਸਾਧਕ ਆਮ ਹਾਲਤ ਵਿਚ ਆ ਜਾਂਦਾ ਹੈ। ਸਮਾਧੀ-ਅਵਸਥਾ ਵਿਚ ਆਪਣੇ ਨਿੱਜ ਸਵਰੂਪ ਆਤਮਾ ਨੂੰ ਹੀ ਅਨਭਵ ਕਰੀਦਾ ਹੈ, ਇਸ ਲਈ ਇਸ ਨੂੰ 'ਆਤਮ-ਸਾਖਸ਼ਾਤਕਾਰ' ਆਖਦੇ ਹਨ। ਆਤਮਾ ਪਰਮ-ਆਤਮਾ ਦੀ ਅੰਸ਼ ਹੋਣ ਦੇ ਨਾਤੇ ਪਰਮ-ਆਤਮਾ ਦੇ ਗੁਣਾਂ ਦਾ ਮਾਲਕ ਹੈ। ਪਰਮ-ਆਤਮਾ ਦੇ ਗੁਣ ਆਪਣੀ ਆਤਮਾ ਵਿਚ ਦੇਖ, ਇਸ ਨੂੰ ਹੀ ਪਰਮਾਤਮ-ਮਿਲਾਪ ਸਮਝ ਕੇ ਸਾਧਕ ਸੰਤੁਸ਼ਟ ਹੋ ਬੈਠ ਜਾਂਦਾ ਹੈ।

---

ਏਡੀ ਉਚੀ ਸੁਰਤ, ਏਡੀ ਚੜ੍ਹਦੀ ਕਲਾ ਨਾਮ ਦੇ ਹੀ ਆਸਰੇ ਸੀ। ਜੰਗਲਾਂ ਵਿਚ ਭੱਜੇ ਫਿਰਦੇ ਵੀ ਇਹ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਆਪਣੇ ਨਾਲ ਰਖਦੇ ਸਨ। ਜਿੱਥੇ ਕਿਤੇ ਦੋ ਦਿਨ ਦੀ ਵਿਹਲ ਮਿਲ ਜਾਵੇ, ਉਥੇ ਹੀ ਵਾਰੀਆਂ ਬੰਨ੍ਹ ਕੇ ਸੰਪੂਰਨ ਪਾਠ ਕਰ ਲੈਂਦੇ ਸਨ। ਅਖੰਡ ਪਾਠ ਦੀ ਪ੍ਰਥਾ ਏਥੋਂ ਹੀ ਚਲੀ ਜਾਪਦੀ ਹੈ। ਘੋੜੇ ਦੀ ਕਾਠੀ ਤੇ ਬੈਠੇ ਹੋਏ ਵੀ ਨਾਮ ਜਪਦੇ ਸਨ। ਸਾਸ ਗਿਰਾਸ ਵਾਹਿਗੁਰੂ ਨੂੰ ਸਿਮਰਦੇ ਸਨ। ਨਿਰਭਉ ਦਾ ਜਾਪ ਕਰਦਿਆਂ ਸਮੱਸਤ ਭੈਆਂ ਤੋਂ ਉਪਰ ਉੱਠ ਗਏ ਸਨ। ਨਿਰਭੈ ਹੋ ਕੇ ਉੱਚੀ ਸੁਰਤ ਵਿਚ ਵਿਚਰਦੇ ਸਨ। ਜ਼ਿੰਦਗੀ ਨਾਲ ਠੱਠੇ ਕਰਦੇ ਸਨ। ਦੁਖਾਂ ਤਕਲੀਫ਼ਾਂ ਦਾ ਮਜ਼ਾਕ ਉਡਾ ਛਡਦੇ ਸਨ ਤੇ ਅੰਤ ਕਾਲ ਪ੍ਰੀਤ ਨਿਭਾਉਂਦੇ ਚੜ੍ਹਾਈ ਕਰ ਜਾਂਦੇ ਸਨ, ਕਿਉਂਕਿ ਇਹਨਾਂ–

ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ। –ਮਾਰੂ ਮ: ੫ (1000/2)



www.AKJ.Org

ਗੁਰਮਤਿ–

ਗੁਰਮਤਿ ਦਾ ਸਿਧਾਂਤ ਸੰਖੇਪ ਵਿਚ ਇਸ ਪਰਕਾਰ ਹੈ-ਇਸ ਸਿਧਾਂਤ ਅਨੁਸਾਰ 'ਸਤਿਗੁਰੂ'' ਤੇ ਇਸ ਦੇ ਮਿਲਾਪ ਦੀ ਖ਼ਾਸ ਅਹਿਮੀਅਤ ਹੈ। ਪ੍ਰਾਣੀ ਅੰਮ੍ਰਿਤ ਸਿੰਚਾਰ ਸਮਾਗਮ ਵੇਲੇ ਗੁਰਮੁਖ ਪਿਆਰੇ ''ਪੰਚ ਜਨਾਂ'' ਦੀ ਸੇਵਾ ਵਿਚ ਪੇਸ਼ ਹੋ, ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਉਨ੍ਹਾਂ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਦਾ ਹੈ। ਅਰਧ-ਉਰਧੀ ਸੁਆਸ-ਅਭਿਆਸੀ ਨਾਮ-ਜਾਪ ਦੀ ਜੁਗਤੀ ਦ੍ਰਿੜ੍ਹ ਕਰਦਾ ਹੈ। ਵਿਦਤ ਰਹੇ ਕਿ ਇਹ ਸਾਰੀ ਕਾਰਵਾਈ **ਸਤਿਗੁਰੂ ਨਾਨਕ ਦੇਵ ਜੀ ਗੁਪਤ ਰੂਪ ਵਿਚ ਪੰਚਾਂ ਦੀ ਮਾਰਫ਼ਤ ਆਪ ਅਮਲ ਵਿਚ ਲਿਆਉਂਦੇ ਹਨ।** ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੀ ਪੁਸਤਕ 'ਗੁਰਮਤਿ ਕਰਮ ਫ਼ਿਲਾਸਫ਼ੀ' ਵਿਚ ਲਿਖਦੇ ਹਨ, ''ਗੁਰੂ ਨਾਨਕ ਸਾਹਿਬ ਦਾ ਜ਼ਹੂਰ ਗੁਰੂ ਘਰ ਦੇ ਮਨਜ਼ੂਰ-ਸ਼ੁਦਾ ਪੰਜਾਂ ਪਿਆਰਿਆਂ ਅੰਦਰ ਪਰਗਟ ਪਾਹਾਰੇ ਜਾਪਦਾ ਹੈ।'' ਇਸ ਕ੍ਰਿਰਿਆ ਦਾ ਵਿਸਥਾਰ ਪੂਰਬਕ ਵੇਰਵਾ ਪਿਛਲੇ ਲੇਖ ''ਕਾਹੇ ਜਗਿ ਆਏ ਰਾਮ ਰਾਜੇ'' ਵਿਚ ਦਿਤਾ ਜਾ ਚੁਕਾ ਹੈ। ਅੰਮ੍ਰਿਤ-ਸਿੰਚਾਰ ਦਾ **ਖ਼ਾਸ ਮਕਸਦ ਇਹ ਹੁੰਦਾ ਹੈ** ਕਿ ''ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ'' (੬੬੭) ਦੇ ਹੁਕਮ ਅਨੁਸਾਰ, ਸਤਿਗੁਰੂ ਪ੍ਰਾਣੀ ਦੇ ਅੰਦਰ ਗੁਪਤੋਂ ਪਰਗਟ ਕਰ, **ਨਾਮ ਦੀ ਰੌ** ਜਾਰੀ ਕਰਦੇ ਹਨ, ਜਿਸ ਨੂੰ **ਅੰਮ੍ਰਿਤ-ਕਲਾ** ਦਾ ਵਰਤਣਾ ਆਖਦੇ ਹਾਂ। ਸਵਾਸ-ਅਭਿਆਸੀ ਨਾਮ-ਜਾਪ ਦੀ ਜੁਗਤੀ ਦ੍ਰਿੜ੍ਹ ਕਰਵਾਈ ਜਾਂਦੀ ਹੈ ਤੇ ਗੁਰ-ਮੰਤਰ ਦੀ ਬਖ਼ਸ਼ਸ਼ ਕੀਤੀ ਜਾਂਦੀ ਹੈ।

ਪ੍ਰਾਣੀ ਨਾਮ ਅਭਿਆਸ ਦੁਆਰਾ ਅੰਦਰੋਂ ਪਰਗਟ ਹੋਈ ਅੰਮ੍ਰਿਤ-ਕਲਾ ਨਾਲ ਜੁੜਦਾ ਹੈ ਤਾਂ ਨਾਮ ਅਭਿਆਸ ਆਪ-ਮੁਹਾਰਾ ਚਲ ਪੈਂਦਾ ਹੈ। ਨਿਰਯਤਨ ਹੀ ਚਲਦਾ ਰਹਿੰਦਾ ਹੈ। ਇਸ ਦਾ ਜਾਪ ਭੀ ਪਹਿਲੇ ਦਸੇ ਜਪ-ਯੋਗ ਵਾਂਗੂ ਰਸਨਾ ਦੇ ਜਾਪ ਤੋਂ ਹੀ ਅਰੰਭ ਹੁੰਦਾ ਹੈ। ਜਦੋਂ ਜਾਪ ਜ਼ਬਾਨ ਤੋਂ ਸੁਰਤੀ ਵਿਚ ਅਪੜ ਜਾਂਦਾ ਹੈ ਤਾਂ ਸਵਾਸ ਨਾਭੀ ਅੰਦਰ ਰੁਕ ਜਾਂਦੇ ਹਨ। ਸਵਾਸਾਂ ਦੇ ਰੁਕਣ ਨਾਲ ਮਨ ਭੀ ਰੁਕਦਾ ਹੈ। ਯਾਦ ਰਹੇ ਕਿ ਸਵਾਸ ਰੁਕਣ ਤੇ ਮਨ ਰੁਕ ਜਾਂਦਾ ਹੈ। ਜੇ ਮਨ ਰੁਕ ਜਾਵੇ ਤਾਂ ਸਵਾਸ ਰੁਕ ਜਾਂਦੇ ਹਨ, ਇਹ ਕੁਦਰਤ ਦਾ ਇਕ ਨਿਯਮ ਹੈ। ਮਨ ਦੇ ਰੁਕਣ ਨਾਲ ਅਭਿਆਸੀ ਜਨ ਸਮਾਧੀ-ਅਵਸਥਾ ਵਿਚ ਚਲਾ ਜਾਂਦਾ ਹੈ। ਸਵਾਸ ਨਾਭ ਵਿਚ ਰੁਕੇ ਰਹਿੰਦੇ ਹਨ, **ਪਰ ਨਾਮ ਦਾ ਜਾਪ ਜਾਰੀ ਰਹਿੰਦਾ ਹੈ,** ਜਦੋਂ ਕਿ **ਜਪ-ਯੋਗ ਵਿਚ ਇਸ ਅਵੱਸਥਾ ਵਿਚ ਜਾਪ ਬੰਦ ਹੋ ਜਾਂਦਾ ਹੈ।**

ਨਾਭੀ 'ਤੇ ਮੂਧਾ ਤੇ ਬੰਦ ਪਿਆ ਕਮਲ ''ਊਧ ਕੰਵਲ ਵਿਗਸਾਂਤ''* ਅਨੁਸਾਰ ਮੂਧੇ ਤੋਂ ਸਿਧਾ ਹੋ ਕੇ ਖਿੜ ਜਾਂਦਾ ਹੈ। ''ਪਰਗਾਸੁ ਭਇਆ ਕਉਲੁ ਖਿਲਿਆ''†, ਇਸ ਵਿਚ ਪਰਕਾਸ਼ ਪੈਦਾ ਹੋ ਜਾਂਦਾ ਹੈ। ਜਪ-ਯੋਗ ਵਿਚ ਭੀ ਸਮਾਧੀ ਅਵੱਸਥਾ ਵੇਲੇ ਪਰਕਾਸ਼ ਹੋ ਜਾਂਦਾ ਹੈ। ਇਥੋਂ ਤਕ ਜਪ-ਯੋਗ ਤੇ ਗੁਰਮਤਿ ਆਪਣੇ ਆਪਣੇ ਢੰਗ ਅਨੁਸਾਰ ਆਤਮ-ਸਾਖਸ਼ਾਤਕਾਰ ਦੀ ਅਵੱਸਥਾ ਤਕ ਪਹੁੰਚਦੇ ਹਨ। ਜਪ-ਯੋਗ ਦਾ ਨਿਸ਼ਾਨਾ ਹੀ ਆਤਮ-ਸਾਖਸ਼ਾਤ-ਕਾਰ ਹੈ। ਜਪ-ਯੋਗ ਵਾਲਾ ਸਾਧਕ **ਇਥੇ ਹੀ ਸੰਤੁਸ਼ਟ ਹੋ, ਅਗੇ ਵਧਣ ਤੋਂ ਰੁਕ ਜਾਂਦਾ ਹੈ,** ਜਦੋਂ ਕਿ ਗੁਰਮਤਿ ਮਾਰਗ ਆਪਣਾ **ਅਗਲਾ ਸਫ਼ਰ ਜਾਰੀ ਰਖਦਾ ਹੈ।**

ਗੁਰਮਤਿ ਅਨੁਸਾਰ ਨਾਭੀ ਅੰਦਰ ਸੁਆਸ ਅਭਿਆਸੀ ਨਾਮ ਦਾ ਜਾਪ ਜਾਰੀ ਰਹਿੰਦਾ ਹੈ। ''ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ'' (੯੯੧) ਤੁਕ ਵਾਲੇ ਪੂਰੇ ਸ਼ਬਦ ਅਨੁਸਾਰ ਇਕ ਵਕਤ ਐਸਾ ਆਉਂਦਾ ਹੈ ਜਦੋਂ ਕਿ ਇਕੋ ਹੀ ਹਿਜਕੋਰੇ ਨਾਲ ਸਵਾਸ ਨਾਭੀ ਤੋਂ ਦਸਮ ਦੁਆਰ ਪਹੁੰਚ ਜਾਂਦੇ ਹਨ‡, ਤੇ ਜਾ ਦਸਮ ਦੁਆਰ ਦੇ ''ਬਜਰ ਕਪਾਟ'' ਤੇ ਦਸਤਕ ਦਿੰਦੇ (ਹੱਥ ਮਾਰਦੇ) ਹਨ। ''ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ''o

---

* ਗਉੜੀ ਬਾਵਨ ਅਖਰੀ ਮ: ੫, ਸਲੋਕ ੨੨, ਪੰਨਾ ੨੫੪. † ਗਉੜੀ ਮ: ੫, ੪॥੪, ਪੰਨਾ ੨੪੯

‡ ਨਾਭੀ ਤੋਂ ਦਸਮ ਦੁਆਰ ਦੇ ਵਿਚਕਾਰ ਦਾ ਵੇਰਵਾ, ਲੇਖ ਲੰਮਾ ਹੋਣ ਦੇ ਡਰ ਕਾਰਨ ਛਡ ਦਿਤਾ ਗਿਆ ਹੈ।

o ਵਾਰ ਰਾਮਕਲੀ ਮ: ੩, ਪੰਨਾ ੯੫੪.



www.AKJ.Org

ਅਨੁਸਾਰ ਇਹ ਕਿਵਾੜ ਸਿਵਾਏ ਗੁਰ ਸ਼ਬਦ ਦੇ ਹੋਰ ਕਿਸੀ ਢੰਗ ਨਾਲ ਨਹੀਂ ਖੁਲ੍ਹਦੇ।

"ਦਸਵੈ ਦੁਆਰਿ ਕੁੰਚੀ ਜਬ ਦੀਜੈ ॥ ਤਉ ਦਇਆਲ ਕੋ ਦਰਸਨੁ ਕੀਜੈ" ॥੨੪॥

ਗਉੜੀ ਕਬੀਰ ਜੀ, ਪੰਨਾ ੩੪੧

ਗੁਰ ਸ਼ਬਦ ਦੀ ਕੁੰਜੀ ਨਾਲ ਬਜਰ ਕਪਾਟ ਖੋਲ੍ਹ ਅਕਾਲ ਪੁਰਖ ਨਾਲ ਜਾ ਮਿਲਾਪ ਹੁੰਦਾ ਹੈ–ਤੇ "ਗੁਰ ਸ਼ਬਦੀ ਗੋਬਿੰਦ ਗਜਿਆ"* ਦਾ ਵਰਤਾਰਾ ਵਰਤਦਾ ਹੈ। ਇਥੇ ਪੁਜ ਕੇ ਅਕਾਲ ਪੁਰਖ ਦੀ **ਲੀਨਤਾ ਪ੍ਰਾਪਤ ਕਰ ਕੇ ਭੀ ਗੁਰ-ਸ਼ਬਦੀ ਅਭਿਆਸ ਜਾਰੀ ਰਹਿੰਦਾ ਹੈ**–

ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥੧॥੨੭॥ [ਸਲੋਕ ਮ: ੧, ਪੰਨਾ ੧੨੯੧

ਜਦੋਂ ਕਿ **ਜਪ-ਯੋਗ** ਵਿਚ ਬਹੁਤ ਪਹਿਲਾਂ ਆਤਮ-ਸਾਖਸ਼ਾਤਕਾਰ ਵੇਲੇ ਹੀ **ਨਾਮ-ਜਾਪ ਬੰਦ ਹੋ ਜਾਂਦਾ ਹੈ।**

ਪਾਠਕ ਜਨ ਦੋਨਾਂ ਪਰਨਾਲੀਆਂ ਨੂੰ ਗਹੁ ਨਾਲ ਤਕਣਗੇ ਤਾਂ ਦੋਨਾਂ ਪਰਨਾਲੀਆਂ ਦਾ ਫ਼ਰਕ ਪਰਤੱਖ ਨਜ਼ਰ ਆਉਂਦਾ ਹੈ। ਸਾਡੇ ਬਹੁਤ ਸਾਰੇ ਵੀਰ ਜਪ-ਯੋਗ ਨੂੰ ਹੀ ਗੁਰਮਤਿ ਮਾਰਗ ਸਮਝ ਕੇ ਨਾਮ ਅਭਿਆਸ ਕਰਦੇ ਰਹੇ ਜਾਂ ਕਰ ਰਹੇ ਹਨ। ਇਸ ਵਿਚ ਉਨ੍ਹਾਂ ਵੀਰਾਂ ਦਾ ਕਸੂਰ ਨਹੀਂ। ਦਸਮੇਸ਼ ਪਿਤਾ ਜੀ ਦੇ ਪਿਛੋਂ ਪੰਥ ਨੂੰ ਬਹੁਤ ਬਿਖੜੇ ਹਾਲਾਤ ਵਿਚੋਂ ਲੰਘਣਾ ਪਿਆ। ਗੁਰਮਤਿ ਮਾਰਗ ਦੇ ਮੁਸਾਫ਼ਰ ਵਿਰਲੇ ਹੀ ਰਹਿ ਗਏ, ਜਿਸ ਕਰਕੇ ਗੁਰਮਤਿ-ਵਿਧੀ ਤਕਰੀਬਨ ਅਲੋਪ ਹੁੰਦੀ ਗਈ। ਦੇਸ਼ ਵਿਚ ਚੂੰਕਿ ਹਿੰਦੂ ਪਰਨਾਲੀਆਂ ਦਾ ਬੋਲ-ਬਾਲਾ ਸੀ, ਇਸ ਲਈ ਉਨ੍ਹਾਂ ਦੇ ਪਰਚਾਰ ਨਾਲ ਪ੍ਰਭਾਵਤ ਹੋ ਕੇ, ਸਿਖ ਸਜਨ ਭੀ ਜਪ-ਯੋਗ ਨੂੰ ਅਪਣਾ ਕੇ ਗੁਰਮਤਿ ਨੂੰ ਭੁਲ ਬੈਠੇ। ਇਹ ਤਾਂ ਭਾਈ ਸਾਹਿਬ ਰਣਧੀਰ ਸਿੰਘ ਜੈਸੇ ਗੁਰਮੁਖ ਸਜਣਾਂ ਦੀ ਅਪਾਰ ਕਿਰਪਾ ਹੈ ਜਿਨ੍ਹਾਂ ਨੇ ਅਲੋਪ ਹੋ ਰਹੀ ਗੁਰਮਤਿ-ਪਰਨਾਲੀ ਨੂੰ ਮੁੜ ਸੁਰਜੀਤ ਕੀਤਾ।

ਦਾਸ ਅਗੇ ਜੋ ਵਿਚਾਰ ਪੇਸ਼ ਕਰਨਾ ਚਾਹੁੰਦਾ ਹੈ, ਹੋ ਸਕਦਾ ਹੈ ਕਿ ਕੋਈ ਸਜਣ ਸ਼ਾਇਦ ਇਸ ਵਿਚਾਰ ਨਾਲ ਸਹਿਮਤ ਨਾ ਹੋਵੇ, ਪਰ ਦਾਸ ਬੇਨਤੀ ਕਰੇਗਾ ਕਿ ਪਹਿਲਾਂ ਗੁਰਮਤਿ ਦੇ ਮੂਲ ਸਿਧਾਂਤ ਨੂੰ ਸਮਝ ਲਿਆ ਜਾਵੇ। ਇਸ ਦੀ ਰੌਸ਼ਨੀ ਵਿਚ ਹੀ ਅਗਲੀ ਲਿਖਤ ਨੂੰ ਪੜਚੋਲਿਆ ਜਾਵੇ।

ਗੁਰੂ ਨਾਨਕ ਦੇਵ ਜੀ ਤੇ ਉਨ੍ਹਾ ਦੇ ਉਤਰ-ਅਧਿਕਾਰੀ ਗੁਰੂ ਸਾਹਿਬਾਨ, ਜਗਿਆਸੂ ਨੂੰ ਚਰਨ-ਪਾਹੁਲ ਦੇ ਕੇ, ਗੁਰਮਤਿ ਦੀ ਅਗਲੀ ਵਿਧੀ ਪੂਰੀ ਕਰਦੇ ਰਹੇ। ਦਸਮੇਸ਼ ਪਿਤਾ ਨੇ ਅਗੋਂ ਦੇਹਧਾਰੀ ਗੁਰੂ ਦਾ ਸਿਲਸਿਲਾ ਖ਼ਤਮ ਕਰ, ਗੁਰਿਆਈ ਗੁਰੂ ਗਰੰਥ ਸਾਹਿਬ ਨੂੰ ਸੌਂਪ, ਖੰਡੇ ਦੇ ਅੰਮ੍ਰਿਤ ਦੀ ਰੀਤ ਚਾਲੂ ਕੀਤੀ, ਜੋ ਅਜ ਤਾਈਂ ਪੰਥ ਵਿਚ ਚਲੀ ਆ ਰਹੀ ਹੈ। ਅੰਮ੍ਰਿਤ ਸਿੰਚਾਰ ਸਮੇਂ ਸਤਿਗੁਰੂ ਜੀ ਆਪ ਗੁਪਤ ਰੂਪ ਵਿਚ ਸਮਾਗਮ ਵਿਚ ਉਪਸਥਿਤ ਹੁੰਦੇ ਹਨ। ਇਸ ਬਾਰੇ ਗੁਰਮੁਖ ਪਿਆਰੇ ਬਾਬੂ ਮੱਲ ਸਿੰਘ ਜੀ ਦੀ ਸ਼ਹਾਦਤ ਮੌਜੂਦ ਹੈ, ਜਿਸ ਦਾ ਜ਼ਿਕਰ ਪਿਛਲੀ ਲੇਖ-ਲੜੀ "ਕਾਹੇ ਜਗਿ ਆਏ ਰਾਮ ਰਾਜੇ" ਵਿਚ ਵਰਨਣ ਕੀਤਾ ਜਾ ਚੁਕਾ ਹੈ। **ਜੇ ਗੁਰਮਤਿ ਵਿਚੋਂ ਅੰਮ੍ਰਿਤ ਸਿੰਚਾਰ ਦੀ ਕਿਰਿਆ ਨੂੰ ਕਢ ਦੇਈਏ ਤਾਂ "ਗੁਰਮਤਿ", ਗੁਰਮਤਿ ਨਹੀਂ ਰਹੇਗੀ, ਸਗੋਂ ਜਪ-ਯੋਗ ਹੀ ਬਣ ਜਾਏਗੀ, ਜਿਸ ਕਾਰਨ ਅਕਾਲ ਪੁਰਖ ਦਾ ਮਿਲਾਪ ਹਰਗਿਜ਼ ਨਹੀਂ ਹੋਵੇਗਾ।**

ਕੋਈ ਸੱਜਨ ਕਿਤਨਾ ਵੱਡਾ ਵਿਦਵਾਨ ਜਾਂ ਨਾਮ ਅਭਿਆਸੀ ਕਿਉਂ ਨਾ ਹੋਵੇ, ਜੇ ਉਹ ਅੰਮ੍ਰਿਤ-ਸਿੰਚਾਰ ਨੂੰ ਲਾਂਭੇ ਰਖ ਕੇ ਗੁਰਮਤਿ ਬਾਰੇ ਲਿਖੇਗਾ ਜਾਂ ਨਾਮ ਅਭਿਆਸ ਸੰਬੰਧੀ ਆਪਣੇ ਤਜਰਬੇ ਜਾਂ ਅਨੁਭਵ ਬਿਆਨ ਕਰੇਗਾ ਤਾਂ ਉਹ ਜਪ-ਯੋਗ ਦਾ ਪਰਚਾਰਕ ਤਾਂ ਹੋ ਸਕਦਾ ਹੈ, ਪਰ ਗੁਰਮਤਿ ਦਾ ਨਹੀਂ।

ਇਹ ਲੇਖ ਜਾਂ ਇਸ ਤੋਂ ਪਹਿਲਾਂ ਲਿਖੇ ਲੇਖਾਂ ਵਿਚ ਦਾਸ ਦਾ ਇਹ ਵਿਚਾਰ ਹਰਗਿਜ਼ ਨਹੀਂ ਕਿ ਗੁਰਮਤਿ ਨੂੰ ਵਡਿਆਉਣ ਖ਼ਾਤਰ ਦੂਸਰਿਆਂ ਨੂੰ ਛੁਟਿਆਇਆ ਜਾਵੇ। ਦਾਸ ਦਾ ਇਹ ਲਿਖਣ ਦਾ ਭਾਵ ਇਕੋ ਇਕ ਇਹੋ ਹੈ ਕਿ **ਗੁਰਮਤਿ ਨੂੰ ਇਸ ਦੀ ਅਸਲ ਰੰਗਤ ਵਿਚ ਸਮਝਿਆ ਜਾਵੇ। ਗੁਰਮਤਿ ਦੇ ਅਸਲ ਆਸ਼ੇ ਅਨੁਸਾਰ ਜੀਵਨ ਨੂੰ ਢਾਲਿਆ ਜਾਵੇ ਤੇ ਪੰਥ ਅੰਦਰ ਗੁਰਮਤਿ ਦਾ ਅਸਲ ਰੂਪ ਵਿਚ ਪਰਚਾਰ ਕੀਤਾ ਜਾਵੇ।**

* ਕਾਨੜੇ ਕੀ ਵਾਰ ਮ: ੪, ਪੰਨਾ ੧੩੧੪



www.AKJ.Org

ਗੁਰਮਤਿ ਦਾ ਸਾਰਾ ਰਾਜ਼ 'ਨਾਮ', 'ਗੁਰਮੰਤਰ' ਤੇ 'ਜਾਪ ਦੀ ਵਿਧੀ' ਵਿਚ ਹੀ ਗੁੰਫਤ ਹੈ। ਜੇ ਇਨ੍ਹਾਂ ਤਿੰਨ ਗੱਲਾਂ ਨੂੰ ਸਮਝ ਕੇ ਇਨ੍ਹਾਂ ਤਿੰਨਾਂ ਗੱਲਾਂ ਤੇ ਅਮਲ ਪਹਿਲ ਪ੍ਰਿਥਮੇ ਹੋ ਜਾਵੇ ਤਾਂ "ਪੜਿਆ ਅਣਪੜਿਆ ਪਰਮ ਗਤਿ ਪਾਵੈ" (੧੯੭) ਦੇ ਵਾਕ ਅਨੁਸਾਰ ਅਗਲੇ ਮਸਲੇ ਖ਼ੁਦ ਬਖ਼ੁਦ ਹੀ ਹਲ ਹੁੰਦੇ ਜਾਣਗੇ। ਉਥੇ ਕਿਸੀ ਚਤੁਰਾਈ ਦੀ ਨਹੀਂ, ਕਮਾਈ ਦੀ ਲੋੜ ਹੈ।

ਇਥੇ 'ਨਾਮ', 'ਗੁਰ-ਮੰਤਰ' ਤੇ 'ਜਾਪ-ਵਿਧੀ' ਦਾ ਸੰਖੇਪ ਜਿਹਾ ਜ਼ਿਕਰ ਕਰਨਾ ਕੁਝ ਜ਼ਰੂਰੀ ਭਾਸਦਾ ਹੈ–

ਨਾਮ :–ਅਸੀਂ 'ਵਾਹਿਗੁਰੂ' ਸ਼ਬਦ ਨੂੰ ਨਾਮ ਸਮਝਦੇ ਹਾਂ। ਪਰ "ਵਾਹਿਗੁਰੂ" ਸ਼ਬਦ ਨਾਮ ਨਹੀਂ। **ਅਚੱਲ** ਮੂਰਤਿ (ਅਕਾਲ ਪੁਰਖ) ਜਦੋਂ ਨਿਰਗੁਣ ਤੋਂ ਸਰਗੁਣ ਵਿਚ ਬਦਲੀ ਹੋਣਾ ਚਾਹੁੰਦੇ ਹਨ ਤਾਂ **ਅਚੱਲ** ਮੂਰਤਿ, ਚਲਾਇਮਾਨ ਹੁੰਦੀ ਹੈ, ਭਾਵ, ਹਰਕਤ, ਜੁੰਬਸ਼, ਲਰਜ਼ਿਸ਼ ਜਾਂ (Vibration) ਵਿਚ ਆ ਕੇ ਆਪਣੇ ਵਜੂਦ ਵਿਚ ਜੋ ਪਹਿਲੀ ਤਬਦੀਲੀ ਕਰਦੀ ਹੈ, ਉਸ ਹਾਲਤ ਜਾਂ ਵਜੂਦ ਨੂੰ "ਨਾਮ" ਆਖਦੇ ਹਾਂ। ਦਸਮੇਸ਼ ਪਿਤਾ ਅਨੁਸਾਰ ਅਮਿਤੋਜ (ਅਮਿਤ ਓਜ–ਲਾ-ਇੰਤਹਾ ਸ਼ਕਤੀ) ਵਿਚ ਆਈ ਪਹਿਲੀ ਤਬਦੀਲੀ ਨੂੰ ਨਾਮ ਆਖਦੇ ਹਾਂ। ਇਸ ਮਹਾਨ ਸ਼ਕਤੀ ਅੰਦਰ ਆਈ ਹਰਕਤ ਦੇ ਕਾਰਨ ਜੋ ਆਵਾਜ਼ ਪੈਦਾ ਹੁੰਦੀ ਹੈ ਉਹ ਆਵਾਜ਼ "ਵਾਹਿਗੁਰੂ" ਸ਼ਬਦ ਹੈ। ਭਾਈ ਨੰਦ ਲਾਲ ਜੀ ਨੇ ਇਸ "ਵਾਹਿਗੁਰੂ" ਆਵਾਜ਼ ਨੂੰ ਸ਼ਬਦ-ਬ੍ਰਹਮ ਆਖਿਆ ਹੈ। ਨਿਰਗੁਣ, ਸ਼ਬਦ ਤੇ ਸਰਗੁਣ ਇਹ ਤਿੰਨ ਰੂਪ ਅਕਾਲ ਪੁਰਖ ਦੇ ਬਿਆਨ ਕੀਤੇ ਹਨ। ਇਹ ਮਹਾਨ-ਸ਼ਕਤੀ 'ਨਾਮ', ਅਗੋਂ ਪ੍ਰਕਿਰਤੀ ਵਿਚ ਬਦਲੀ ਹੋ, ਸੰਸਾਰ ਦਾ ਰੂਪ ਧਾਰਨ ਕਰਦਾ ਹੈ। ਇਹ ਪ੍ਰਕਿਰਤੀ ਜਾਂ ਸਰਗੁਣ ਸਰੂਪ **'ਨਾਮ' ਮਹਾਂ ਸ਼ਕਤੀ** ਵਿਚ ਆਈ ਤਬਦੀਲੀ ਦਾ ਨਤੀਜਾ ਹੈ। ਇਸ ਪ੍ਰਕਿਰਤੀ ਦੇ ਕਣ-ਕਣ ਵਿਚ 'ਸ਼ਬਦ' ਦੀ ਆਵਾਜ਼ ਮੌਜੂਦ ਹੈ। ਜਿਨ੍ਹਾਂ ਗੁਰਮੁਖਾਂ ਦੀ ਇਸ ਨਾਮ ਤਕ ਰਸਾਈ ਹੈ, ਉਹ ਇਸ ਆਵਾਜ਼ ਨੂੰ ਪਰਤੱਖ ਸੁਣਦੇ ਹਨ। ਦੇਖੋ ਰਾਗ ਮਾਰੂ ਵਿਚ ਗੁਰ ਫੁਰਮਾਨ—

> ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥
> ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥
>
> ਮਾਰੂ ਸੋਲਹੇ ਮ: ੫, ਪੰਨਾ ੧੦੭੮-੭੯

ਇਹ ਨਾਮ-ਸ਼ਕਤੀ ਹਰ ਜਾ ਮੌਜੂਦ ਹੈ। ਸਾਡੇ ਅੰਦਰ ਭੀ ਮੌਜੂਦ ਹੈ। ਸਤਿਗੁਰੂ ਇਸ ਗੁਪਤ ਨਾਮ ਨੂੰ ਪਰਗਟ ਕਰ, ਹਰਕਤ ਵਿਚ ਲੈ ਆਉਂਦੇ ਹਨ। ਇਸ ਹਰਕਤ ਤੋਂ ਜੋ ਆਵਾਜ਼ ਪੈਦਾ ਹੁੰਦੀ ਹੈ ਉਹ "ਵਾਹਿਗੁਰੂ" ਸ਼ਬਦ ਦੀ ਆਵਾਜ਼ ਹੈ।

**ਗੁਰ-ਮੰਤਰ** :–ਉਪਰ ਲਿਖੀ ਕਿਰਿਆ ਪੂਰੀ ਕਰਕੇ, ਜਿਸ ਨੂੰ ਅੰਮ੍ਰਿਤ-ਕਲਾ ਭੀ ਆਖਦੇ ਹਨ, ਅੰਮ੍ਰਿਤ-ਅਭਿਲਾਖੀ ਨੂੰ ਗੁਰ-ਮੰਤਰ ਦੀ ਬਖ਼ਸ਼ਿਸ਼ ਕੀਤੀ ਜਾਂਦੀ ਹੈ, ਜੋ ਅੰਮ੍ਰਿਤ ਕਲਾ ਵਿਚੋਂ ਪੈਦਾ ਹੋਈ ਆਵਾਜ਼ ਵਾਲਾ ਹੀ ਸ਼ਬਦ ਹੈ।

**ਜਾਪ ਵਿਧੀ** :–ਗੁਰ-ਮੰਤਰ ਦੇ ਜਾਪ ਦੀ ਖਾਸ ਵਿਧੀ ਦ੍ਰਿੜ੍ਹਾਈ ਜਾਂਦੀ ਹੈ। ਇਹ ਵਿਧੀ ਕੋਈ ਸਾਧਾਰਨ ਅਮਲ ਨਹੀਂ ਹੈ। **ਇਸ ਵਿਧੀ ਅਨੁਸਾਰ ਜਪਿਆ ਨਾਮ ਹੀ** ਨਾਭੀ ਅੰਦਰ ਰੁਕ, ਨਾਭੀ ਦੇ ਕੰਵਲ ਨੂੰ ਮੂਧੇ ਤੋਂ ਸੂਧਾ ਕਰ ਵਿਗਸਾਉਂਦਾ ਹੈ। ਇਸ ਤੋਂ ਅਗੇ ਦਸਮ-ਦੁਆਰ ਦੇ ਖੁਲ੍ਹਣ ਤਕ ਦੀ ਸਾਰੀ ਕਿਰਿਆ ਦਾ ਦਾਰੋ ਮਦਾਰ ਇਸ ਵਿਧੀ ਉਪਰ ਹੀ ਹੈ। ਇਸ ਵਿਧੀ ਤੋਂ ਬਗੈਰ ਦਸਮ ਦੁਆਰ ਦੇ ਕਿਵਾੜ ਖੁਲ੍ਹਣ ਦਾ ਹੋਰ ਕੋਈ ਭੀ ਜ਼ਰੀਆ ਨਹੀਂ ਹੈ। ਗੁਰਮੰਤਰ ਦੀ ਘਾੜਤ ਅਕਾਲ ਪੁਰਖ ਨੇ ਐਸੀ ਘੜੀ ਹੈ ਕਿ ਇਸ ਦੇ ਦਰੁਸਤ ਉਚਾਰਨ ਨਾਲ ਹੀ ਨਾਭੀ ਤੇ ਨਾਭੀ ਤੋਂ ਅਗੇ ਦਸਮ ਦੁਆਰ ਦੀਆਂ ਸਾਰੀਆਂ ਕਿਰਿਆਵਾਂ ਅਮਲ ਵਿਚ ਆਉਂਦੀਆਂ ਹਨ। ਕੋਈ ਹੋਰ ਮੰਤਰ ਤਾਂ ਇਕ ਪਾਸੇ ਰਿਹਾ, ਗੁਰਮੰਤਰ ਵਿਚ ਮਾਮੂਲੀ ਜਿਹੀ ਤਬਦੀਲੀ ਕਰ ਕੇ ਜਪਿਆ ਨਾਮ ਭੀ ਇਹ ਨਤੀਜੇ ਪੈਦਾ ਨਹੀਂ ਕਰਦਾ। ਇਸ ਲਈ ਗੁਰਮਤਿ ਨੂੰ ਇਸ ਦੀ ਅਸਲੀ ਸਪਿਰਿਟ ਵਿਚ ਸਮਝਣ ਦੀ ਤੇ ਸਮਝ ਕੇ ਅਮਲ ਵਿਚ ਲਿਆਉਣ ਦੀ ਖ਼ਾਸ ਲੋੜ ਹੈ।



www.AKJ.Org

# ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਸੰਖੇਪ ਜੀਵਨ

[ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਲਿਟ.]

ਗੁਰੂ ਹਰਿ ਰਾਇ ਸਾਹਿਬ ਜੀ ਦੇ ਦੋ ਸਾਹਿਬਜ਼ਾਦੇ ਸਨ—ਬਾਬਾ ਰਾਮ ਰਾਇ ਜੀ ਅਤੇ (ਗੁਰੂ) ਹਰਿ ਕ੍ਰਿਸ਼ਨ ਸਾਹਿਬ। (ਗੁਰੂ) ਹਰਿ ਕ੍ਰਿਸ਼ਨ ਸਾਹਿਬ ਦਾ ਜਨਮ ਕੀਰਤਪੁਰ ਵਿਚ ਹੋਇਆ। ਸੋਮਵਾਰ, ਈਸਵੀ ੧੬੫੬ ਤੇ ਜੁਲਾਈ ਦੀ ੭ ਤਰੀਕ ਸੀ।

ਗੁਰੂ ਹਰਿ ਰਾਇ ਸਾਹਿਬ ਦੇ ਵਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੇ ਔਰੰਗਜ਼ੇਬ ਦੇ ਅਸਰ-ਰਸੂਖ਼ ਵਿਚ ਆ ਕੇ, ਉਸ ਨੂੰ ਖੁਸ਼ ਕਰਨ ਲਈ ਗੁਰੂ ਨਾਨਕ ਦੇਵ ਜੀ ਦੀ ਬਾਣੀ ਬਦਲਾ ਦਿਤੀ ਸੀ। ਇਸ ਵਾਸਤੇ ਸਿਖ ਕੌਮ ਦੀ ਅਗਵਾਈ ਦੀ ਜ਼ਿਮੇਵਾਰੀ ਉਨ੍ਹਾਂ ਨੂੰ ਨਹੀਂ ਸੌਂਪੀ ਜਾ ਸਕਦੀ ਸੀ। ਗੁਰੂ ਹਰਿ ਰਾਇ ਸਾਹਿਬ ੬ ਅਕਤੂਬਰ ੧੬੬੧ ਨੂੰ ਜੋਤੀ ਜੋਤਿ ਸਮਾਏ। ਇਸ ਤੋਂ ਪਹਿਲਾਂ ਉਹਨਾ ਨੇ (ਗੁਰੂ) ਹਰਿ ਕ੍ਰਿਸ਼ਨ ਸਾਹਿਬ ਨੂੰ ਗੁਰੂ ਥਾਪ ਦਿਤਾ। ਉਸ ਵੇਲੇ ਇਹਨਾਂ ਦੀ ਉਮਰ ੫ ਸਾਲ ਤੇ ਤਕਰੀਬਨ ੩ ਮਹੀਨੇ ਦੀ ਸੀ।

ਜਿਵੇਂ ਸੰਨ ੧੬੬੦ ਵਿਚ ਔਰੰਗਜ਼ੇਬ ਨੇ ਗੁਰੂ ਹਰਿ ਰਾਇ ਸਾਹਿਬ ਨੂੰ ਦਿਲੀ ਆਉਣ ਲਈ ਸੱਦਾ ਘਲਿਆ ਸੀ, ਤਿਵੇਂ ਹੁਣ ਦੂਜੀ ਵਾਰੀ ਸੰਨ ੧੬੬੪ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਭੀ ਉਸ ਨੇ ਸੱਦ ਭੇਜਿਆ। ਸਿਖ ਇਤਿਹਾਸ ਲਿਖਦਾ ਹੈ ਕਿ ਮਿਰਜ਼ਾ ਰਾਜਾ ਜੈ ਸਿੰਘ ਨੂੰ ਹੁਕਮ ਦਿਤਾ ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਦਿੱਲੀ ਆਉਣ ਲਈ ਪ੍ਰੇਰਨਾ ਕੀਤੀ ਜਾਵੇ।

ਮਿਰਜ਼ਾ ਰਾਜਾ ਜੈ ਸਿੰਘ ਨੇ ਆਪਣੇ ਦੀਵਾਨ ਪਰਸ ਰਾਮ ਨੂੰ ਪੰਜਾਹ ਸਵਾਰ ਦੇ ਕੇ ਹਦਾਇਤ ਕੀਤੀ ਕਿ ਕੀਰਤਪੁਰ ਜਾ ਕੇ ਮੇਰੇ ਵਲੋਂ ਸਤਿਗੁਰੂ ਜੀ ਨੂੰ ਦਿਲੀ ਆਉਣ ਦੀ ਪ੍ਰਾਰਥਨਾ ਕਰਨੀ, ਤੇ ਉਹਨਾਂ ਨੂੰ ਬੜੇ ਆਦਰ-ਸਤਿਕਾਰ ਨਾਲ ਇਕ ਪਾਲਕੀ ਵਿਚ ਸਵਾਰ ਕਰ ਕੇ ਲਿਆਉਣਾ।

ਕੀਰਤਪੁਰ ਅਤੇ ਦੁਆਲੇ ਦੇ ਜਿਨ੍ਹਾਂ ਜਿਨ੍ਹਾਂ ਨੇ ਸੁਣਿਆ ਕਿ ਗੁਰੂ ਹਰਿ ਕ੍ਰਿਸ਼ਨ ਸਾਹਿਬ ਔਰੰਗਜ਼ੇਬ ਦੇ ਸੱਦੇ 'ਤੇ ਦਿੱਲੀ ਜਾ ਰਹੇ ਹਨ, ਸਭ ਨੂੰ ਤੌਖਲਾ ਹੋਇਆ। ਸਤਿਗੁਰੂ ਜੀ ਦੇ ਤੁਰਨ ਸਮੇਂ ਤਕ ਸਿਖ ਸੰਗਤਾਂ ਦੀ ਭਾਰੀ ਭੀੜ ਬਣ ਗਈ, ਗੁਰੂ ਸਾਹਿਬ ਨੇ ਸਭ ਨੂੰ ਧੀਰਜ ਹੌਸਲਾ ਦਿਤਾ। ਫਿਰ ਭੀ ਸੈਂਕੜੇ ਸਿਖ ਨਾਲ ਚਲ ਪਏ। ਜਦੋਂ ਸਤਿਗੁਰੂ ਜੀ ਅੰਬਾਲੇ ਦੇ ਇਲਾਕੇ ਪੰਜੋਖਰੇ ਪਹੁੰਚੇ ਤਾਂ ਕੁਝ ਕੁ ਉਘੇ ਸਿੱਖਾਂ ਤੋਂ ਛੁਟ ਬਾਕੀ ਸਭਨਾਂ ਨੂੰ ਪਿਛਾਂਹ ਮੋੜ ਦਿਤਾ ਅਤੇ ਆਪ ਅਗਾਂਹ ਚਲ ਪਏ।

ਇਕ ਪੰਡਿਤ ਕ੍ਰਿਸ਼ਨ ਲਾਲ ਬਹੁਤ ਖਿਝਿਆ, ਸਿੱਖਾਂ ਨੂੰ ਸੁਣਾ ਸੁਣਾ ਕੇ ਆਖਣ ਲਗਾ ਕਿ ਦੁਆਪੁਰ ਦੇ ਅਵਤਾਰ ਕ੍ਰਿਸ਼ਨ ਜੀ ਨੇ ਗੀਤਾ ਲਿਖੀ, ਇਹ ਸਤ ਅੱਠ ਸਾਲ ਦੇ ਬਾਲ ਆਪਣੇ ਆਪ ਨੂੰ ਹਰਿ ਕ੍ਰਿਸ਼ਨ ਜੀ ਅਖਵਾਂਦੇ ਹਨ, ਲੋਕ ਇਹਨਾਂ ਨੂੰ 'ਗੁਰੂ ਗੁਰੂ' ਆਖਦੇ ਹਨ। ਜੇ ਇਹਨਾਂ ਵਿਚ ਸਚਮੁਚ ਕੋਈ ਆਤਮਕ ਸਮਰੱਥਾ ਡਾਂ ਹੈ ਕ੍ਰਿਸ਼ਨ ਜੀ ਦੀ ਗੀਤਾ ਦੇ ਅਰਥ ਕਰ ਵਿਖਾਣ।

ਅਪੜਦੀ ਅਪੜਦੀ ਇਹ ਗੱਲ ਗੁਰੂ ਹਰਿਕ੍ਰਿਸ਼ਨ ਸਾਹਿਬ ਤਕ ਅਪੜ ਗਈ। ਉਸ ਪੰਡਿਤ ਨੇ ਉਸੇ ਤਰ੍ਹਾਂ ਹੀ ਸਤਿਗੁਰੂ ਜੀ ਨੂੰ ਆ ਵੰਗਾਰਿਆ...ਸਤਿਗੁਰੂ ਜੀ ਨੇ ਪੰਡਿਤ ਨੂੰ ਆਖਿਆ ਕਿ ਜੇ ਅਸਾਂ ਅਰਥ ਕਰ ਭੀ ਦਿਤੇ ਤਾਂ ਭੀ ਤੇਰੀ ਤਸੱਲੀ ਨਹੀਂ ਹੋਣੀ। ਸਾਡੇ ਅਰਥ ਕੀਤਿਆਂ ਤੁਸੀਂ ਕਹਿ ਦਿਓਗੇ ਕਿ ਅਮੀਰ ਘਰ ਵਿਚ ਜੰਮੇ-ਪਲੇ ਹਨ, ਕੋਈ ਉਚੇਚਾ ਅਧਿਆਪਕ ਲਾ ਕੇ ਸੰਸਕ੍ਰਿਤ ਪੜ੍ਹ ਲਈ ਹੋਵੇਗੀ। ਸੋ, ਜੇ ਗੁਰੂ ਨਾਨਕ ਪਾਤਿਸ਼ਾਹ ਦੀਆਂ ਬਖ਼ਸ਼ਸ਼ਾਂ ਦੀ ਬਰਕਤ ਜ਼ਰੂਰੀ ਵੇਖਣੀ ਹੀ ਹੈ ਤਾਂ ਆਪਣੇ ਨਗਰ ਵਿਚੋਂ ਆਪੇ ਹੀ ਕਿਸੇ ਨੂੰ ਲੈ ਆਵੋ। ਸਤਿਗੁਰੂ ਨਾਨਕ ਦੀ ਮਿਹਰ ਦੀ ਨਜ਼ਰ ਨਾਲ ਉਹ ਤੁਹਾਡੀ ਤਸੱਲੀ ਕਰਾ ਦੇਵੇਗਾ। ਪੰਡਿਤ, ਛੱਜੂ ਨਾਮੇ ਇਕ ਬੜੇ ਮੂਰਖ ਝੀਊਰ ਨੂੰ ਲੈ ਆਇਆ। ਸਤਿਗੁਰੂ ਦੀ ਮਿਹਰ ਦੀ ਨਜ਼ਰ ਨਾਲ ਉਹ ਝੀਊਰ ਇਕ ਉਘੇ ਵਿਦਵਾਨ ਵਕਤਾ ਵਾਂਗ ਗੀਤਾ ਦੇ ਸਲੋਕਾਂ ਦਾ ਪਾਠ ਤੇ ਅਰਥ ਸੁਨਾਣ ਲਗ ਪਿਆ। ਕੁਰਖੇਤਰ ਦੇ ਪੰਡਿਤਾਂ ਨੂੰ ਇਹ ਚਾਲ ਮਹਿੰਗੀ



www.AKJ.Org

ਪਈ। ਸਤਿਗੁਰੂ ਦੀ ਮਹਿਮਾ ਸਗੋਂ ਹੋਰ ਵਧੀ।

ਥਨੇਸਰ ਕੁਰਖੇਤਰ ਪਾਨੀਪਤ ਤੋਂ ਹੁੰਦੇ ਹੋਏ ਸੰਗਤ ਸਮੇਤ ਗੁਰੂ ਸਾਹਿਬ ਦਿੱਲੀ ਪਹੁੰਚੇ। ਰਾਜਾ ਜੈ ਸਿੰਘ ਨੇ ਆਪਣੇ ਮਹੱਲ (ਬੰਗਲੇ) ਵਿਚ ਉਤਾਰਾ ਦਿਤਾ। ਜਿਥੇ ਸਤਿਗੁਰੂ ਜੀ ਟਿਕੇ ਸਨ, ਉਥੇ ਨਵੀਂ ਦਿਲੀ ਰਾਇਸੀਨਾ ਵਿਚ ਗੁਰਦੁਆਰਾ ਹੈ, ਜਿਸ ਦਾ ਨਾਮ ਬੰਗਲਾ ਸਾਹਿਬ ਹੈ।......

ਰਾਜਾ ਜੈ ਸਿੰਘ ਨੇ ਭਾਵੇਂ ਆਦਰ-ਸਤਿਕਾਰ ਬਹੁਤ ਕੀਤਾ, ਪਰ ਉਸ ਦੀ ਰਾਣੀ ਦੇ ਦਿਲ ਵਿਚ ਬਾਲਕ-ਉਮਰ ਗੁਰੂ ਬਾਰੇ (ਬ੍ਰਾਹਮਣ-ਬ੍ਰਾਹਮਣੀਆਂ ਵਲੋਂ) ਵਹਿਮ-ਭਰਮ ਪਾਇਆ ਜਾ ਚੁਕਾ ਸੀ। ਰਾਣੀ ਨੇ ਸਤਿਗੁਰੂ ਜੀ ਦਾ ਦਰਸ਼ਨ ਕਰਨ ਦੀ ਤਾਘ ਪਰਗਟ ਕੀਤੀ, ਪਰ ਨਾਲ ਹੀ ਗੁਰੂ ਨਾਨਕ ਦੇਵ ਜੀ ਦੇ ਘਰ ਨੂੰ ਪਰਖਣ ਦੀ ਨੀਯਤ ਭੀ ਧਾਰ ਲਈ। ਹੋਰ ਕਈ ਅਮੀਰ ਘਰਾਣਿਆਂ ਦੀਆਂ ਜ਼ਨਾਨੀਆਂ ਨੂੰ ਆਪਣੇ ਮਹੱਲ ਵਿਚ ਮੰਗਾ ਲਿਆ ਤੇ ਮਨ ਵਿਚ ਇਹ ਧਾਰ ਲਿਆ ਕਿ ਜੇ ਗੁਰੂ ਸੱਚਾ ਹੈ ਤਾਂ ਇਹਨਾਂ ਸਭਨਾਂ ਨੂੰ ਛਡ ਕੇ ਮੇਰੀ ਹੀ ਗੋਦ ਵਿਚ ਆ ਬੈਠੇ। ਗੁਰੂ ਹਰਿਕ੍ਰਿਸ਼ਨ ਸਾਹਿਬ ਰਣਵਾਸ ਵਿਚ ਗਏ, ਤੇ ਹੋਰ ਸਭਨਾਂ ਦੇ ਕੋਲੋਂ ਦੀ ਲੰਘ ਕੇ ਰਾਜਾ ਜੈ ਸਿੰਘ ਦੀ ਰਾਣੀ ਦੀ ਗੋਦ ਵਿਚ ਹੀ ਬੈਠ ਗਏ। ਗੁਰੂ ਨਾਨਕ ਦੇਵ ਜੀ ਦੇ ਘਰ ਦਾ ਰਸੂਖ਼ ਘਟਦਾ ਵੇਖਣ ਦੇ ਚਾਹਵਾਨਾਂ ਦੀ ਆਸ ਇਥੇ ਭੀ ਪੂਰੀ ਨਾ ਹੋਈ।

ਦਿੱਲੀ ਪਹੁੰਚ ਕੇ ਸਤਿਗੁਰੂ ਜੀ ਨੇ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਤੋਂ ਨਾਂਹ ਕਰ ਦਿਤੀ, ਇਹ ਕੋਈ ਸਾਧਾਰਨ ਗੱਲ ਨਹੀਂ ਸੀ। ਇਤਨੀ ਵੱਡੀ ਮੁਗ਼ਲ ਤਾਕਤ ਦੇ ਜਿਸ ਬਾਦਸ਼ਾਹ ਦੇ ਦੀਦਾਰ ਨੂੰ ਲੋਕ ਤਰਲੇ ਕਰਦੇ ਸਨ, ਅੱਠ ਸਾਲਾਂ ਦਾ ਬਾਲਕ-ਗੁਰੂ, ਬਾਦਸ਼ਾਹ ਦੇ ਖ਼ਾਹਸ਼ ਪਰਗਟ ਕਰਨ 'ਤੇ ਭੀ ਮਿਲਣ ਤੋਂ ਨਾਂਹ ਕਰੇ, ਆਤਮਕ ਉਚਤਾ ਦੀ ਆਪਣੇ ਆਪ ਵਿਚ ਹੀ ਇਕ ਵਡੀ ਕਰਾਮਾਤ ਸੀ। ਔਰੰਗਜ਼ੇਬ ਉਤੇ ਸਤਿਗੁਰੂ ਜੀ ਦੀ ਇਸ ਮਹਾਨ ਆਤਮਕ ਤਾਕਤ ਦਾ ਅਸਰ ਹੋਣੋਂ ਰਹਿ ਨਾ ਸਕਿਆ। ਸਿਖ ਇਤਿਹਾਸ ਲਿਖਦਾ ਹੈ ਕਿ ਬਾਦਸ਼ਾਹ ਨੇ ਆਪਣੇ ਪੁਤਰ ਮੁਅੱਜ਼ਮ ਸ਼ਾਹ ਨੂੰ ਗੁਰੂ ਸਾਹਿਬ ਪਾਸ ਭੇਜਿਆ। ਸਹਿਜ਼ਾਦਾ ਤੇ ਸਤਿਗੁਰੂ ਜੀ ਉਮਰੋਂ ਹਾਣੀ ਹੀ ਸਨ। ਸ਼ਹਿਜ਼ਾਦੇ ਦੀ ਭਾਵਨਾ ਅਨੁਸਾਰ ਜੈ ਸਿੰਘ ਦੇ ਬਾਗ ਵਿਚੋਂ ਉਸ ਨੂੰ ਕਈ ਬੇ-ਬਹਾਰੇ ਫਲ ਖੁਆਇਓ ਨੇ।

ਔਰੰਗਜ਼ੇਬ ਨੂੰ ਕੀਰਤਪੁਰ ਤੋਂ ਦਿੱਲੀ ਤਕ ਦੀਆਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀਆਂ ਆਤਮਕ ਉਚਤਾ ਬਾਰੇ ਸਭ ਖ਼ਬਰਾਂ ਨਾਲੋ-ਨਾਲ ਅਪੜ ਰਹੀਆਂ ਸਨ। ਬਾਲਕ-ਗੁਰੂ ਜੀ ਦੀ ਨਿਰਭੈਤਾ ਭੀ ਉਸ ਨੇ ਵੇਖ ਲਈ ਸੀ। ਮਾਇਆ ਦੇ ਵਿਗਾੜੇ ਹੋਏ ਮਸੰਦਾਂ ਦੀ ਚੁਕਣਾ ਤੇ ਕੀਤੇ ਹੋਏ ਬਾਬਾ ਰਾਮ ਰਾਇ ਜੀ ਦੇ ਦਾਅਵੇ ਸੰਬੰਧੀ ਔਰੰਗਜ਼ੇਬ ਨੇ ਬਾਬਾ ਰਾਮ ਰਾਇ ਜੀ ਦਾ ਪੱਖ ਨਾ ਲਿਆ, ਕਿਉਂਕਿ ਉਹ ਵੇਖ ਰਿਹਾ ਸੀ ਕਿ ਸਿਖ ਸੰਗਤਾਂ ਦੀ ਸ਼ਰਧਾ ਕਿਸ ਪਾਸੇ ਸੀ।

ਜਦੋਂ ਔਰੰਗਜ਼ੇਬ ਕਸ਼ਮੀਰ ਤੋਂ ਵਾਪਸ ਜਨਵਰੀ ੧੬੬੪ ਵਿਚ ਦਿਲੀ ਪਹੁੰਚਿਆ ਤਾਂ ਉਹਨੀਂ ਦਿਨੀਂ ਚੀਚਕ ਦੀ ਬੀਮਾਰੀ ਫੁਟ ਪਈ ਸੀ। ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਦਿੱਲੀ ਪਹੁੰਚਣ ਤਕ ਤਾਂ ਉਥੇ ਚੀਚਕ ਭਰ ਜ਼ੋਰਾਂ ਵਿਚ ਸੀ। ਕੋਈ ਭੀ ਮਰੀ ਪਏ, ਉਸ ਦਾ ਸ਼ਿਕਾਰ ਆਮ ਤੌਰ ਤੇ ਗ਼ਰੀਬ ਲੋਕ ਹੀ ਹੋਇਆ ਕਰਦੇ ਹਨ। ਗੁਰੂ ਸਾਹਿਬ ਨੇ ਦਿੱਲੀ ਪਹੁੰਚਦਿਆਂ ਹੀ ਦੁਖੀ ਗਰੀਬਾਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿਤੀ। ਘਬਰਾਏ ਲੋਕਾਂ ਨੂੰ ਢਾਰਸ ਤੇ ਮਾਇਕ ਸਹਾਇਤਾ ਦੇਣ ਲਈ ਸਤਿਗੁਰੂ ਜੀ ਨੂੰ ਉਨ੍ਹਾਂ ਇਲਾਕਿਆਂ ਵਿਚ ਭੀ ਜਾਣਾ ਪੈਂਦਾ ਸੀ, ਜਿਥੇ ਚੀਚਕ ਦਾ ਜ਼ੋਰ ਸੀ। ਉਨ੍ਹਾਂ ਦੀ ਆਪਣੀ ਉਮਰ ਅਜੇ ਪੌਣੇ ਅੱਠ ਸਾਲਾਂ ਦੀ ਸੀ। ਇਸ ਉਮਰੇ ਚੀਚਕ ਉਡ ਕੇ ਪੈਂਦੀ ਹੈ। ਪਰ ਗਰੀਬਾਂ ਦੀ ਖ਼ਾਤਰ ਜਿਤਨਾ ਚਿਰ ਸਤਿਗੁਰੂ ਜੀ ਆਪ ਆਪਣਾ ਸਿਰ ਤਲੀ ਉਤੇ ਨਾ ਰਖਣ, ਨਿਰੀ ਪ੍ਰੇਰਨਾ ਨਾਲ ਹੋਰ ਕੌਣ ਬਲਦੀ ਦੇ ਬੁੱਥੇ ਜਾਵੇ। ਨਤੀਜਾ ਇਹ ਨਿਕਲਿਆ ਕਿ ਇਕ ਦਿਨ ਗੁਰੂ ਸਾਹਿਬ ਨੂੰ ਭੀ ਬੜੇ ਜ਼ੋਰ ਦਾ ਬੁਖ਼ਾਰ ਹੋ ਗਿਆ। ਸਤਿਗੁਰੂ ਜੀ ਦੇ ਸਰੀਰ ਤੇ ਭੀ ਚੀਚਕ ਦੇ ਲਛਣ ਦਿਸਣ ਲਗ ਪਏ। ਉਹਨਾਂ ਆਪਣਾ ਸਰੀਰਕ ਅੰਤ ਨੇੜੇ ਆਇਆ ਪੱਕ ਨਿਸ਼ਚੇ ਕਰ ਲਿਆ।

ਰਾਜਾ ਜੈ ਸਿੰਘ ਦੇ ਮਹੱਲ ਵਿਚੋਂ ਬਾਹਰ ਜਮਨਾ ਦੇ ਕੰਢੇ ਇਕ ਖੁਲ੍ਹੇ ਥਾਂ ਡੇਰੇ ਦਾ ਪਰਬੰਧ ਕਰਾਇਓ ਨੇ।


www.AKJ.Org

# ਕਿਆ ਪੜ੍ਹੀਐ?

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਪਟਿਆਲਾ]

ਹਰ ਦੇਸ਼ ਵਿਚ ਨਵੀਂ ਪੀੜ੍ਹੀ ਨੂੰ ਕਿਸੇ ਨ ਕਿਸੇ ਤਰੀਕੇ ਨਾਲ ਸਿਖਿਅਤ ਕੀਤਾ ਜਾਂਦਾ ਹੈ, ਤਾਂਕਿ ਪੁਰਾਣੀ ਪੀੜ੍ਹੀ ਦਾ ਵਿਗਿਆਨ ਅਤੇ ਅਨੁਭਵ ਨਵੀਂ ਪੀੜ੍ਹੀ ਨੂੰ ਵਿਰਸੇ ਵਿਚ ਦਿਤਾ ਜਾ ਸਕੇ। ਇਉਂ ਨਵੀਂ ਪੀੜ੍ਹੀ ਆਪਣਾ ਕਾਰਜ ਉਥੋਂ ਅਰੰਭ ਕਰਦੀ ਹੈ ਜਿਥੇ ਪੁਰਾਣੀ ਪੀੜ੍ਹੀ ਛੱਡ ਕੇ ਜਾਂਦੀ ਹੈ। ਇਹ ਸਿਲਸਿਲਾ ਅਟੁਟ ਹੈ। ਜਦੋਂ ਦੀ ਸੰਸਾਰ-ਰਚਨਾ ਹੋਈ ਹੈ ਤੇ ਮਨੁਖ ਨੂੰ ਆਪਣੇ ਆਲੇ ਦੁਆਲੇ ਦੀ ਚੇਤਨਾ ਹੋਈ ਹੈ ਉਦੋਂ ਤੋਂ ਹੀ ਸਿਖਿਆ ਦਾ ਕੰਮ ਤੁਰਿਆ ਆ ਰਿਹਾ ਹੈ।

ਇਹ ਠੀਕ ਹੈ ਕਿ ਪਾਠ-ਕ੍ਰਮ ਜਾਂ ਪੜ੍ਹੇ ਜਾਣ ਵਾਲੇ ਵਿਸ਼ੇ ਸਦਾ ਬਦਲਦੇ ਆਏ ਹਨ। ਪੁਰਾਤਨ ਭਾਰਤ ਦੀ ਹੀ ਮਿਸਾਲ ਲਓ-ਵੇਦਾਂ ਸ਼ਾਸਤ੍ਰਾਂ ਦਾ ਅਧਿਐਨ ਬ੍ਰਾਹਮਣ ਲਈ ਲਾਜ਼ਮੀ ਸੀ। ਖਤਰੀਆਂ ਲਈ ਕੁਝ ਧਾਰਮਕ ਸਖਿਆ ਤੋਂ ਇਲਾਵਾ, ਸ਼ਸਤਰ-ਵਿਦਿਆ ਤੇ ਬਹੁਤਾ ਜ਼ੋਰ ਦਿੱਤਾ ਜਾਂਦਾ ਸੀ। ਵੈਸ਼ ਜਾਤੀ ਦੇ ਲੋਗ ਆਪੋ ਆਪਣੀ ਕਿਰਤ ਅਨੁਸਾਰ ਆਪਣੀ ਨਵੀਂ ਪੀੜ੍ਹੀ ਨੂੰ ਸਿਖਿਆ ਦਿੰਦੇ ਸਨ। ਇਸੇ ਤਰ੍ਹਾਂ ਸ਼ੂਦਰ ਆਪਣੇ ਕਿੱਤੇ ਦਾ ਅਭਿਆਸ ਆਪਣੇ ਪਰਿਵਾਰ ਨੂੰ ਕਰਾਂਦਾ ਸੀ। ਨੀਵੀਂ ਜਾਤੀ ਹੋਣ ਕਰਕੇ ਸ਼ੂਦਰ ਨੂੰ ਵੇਦ ਸ਼ਾਸਤ੍ਰ ਆਦਿਕ ਧਰਮ-ਪੁਸਤਕਾਂ ਪੜ੍ਹਨ ਜਾਂ ਸੁਣਨ ਦਾ ਉੱਕਾ ਅਧਿਕਾਰ ਨਹੀਂ ਸੀ।

ਮੱਧਕਾਲ ਦੇ ਭਾਰਤ ਵਿਚ ਸਿਖਿਆ ਦੇ ਪਾਠ-ਕ੍ਰਮ ਦਾ ਬਹੁਤ ਬਲ ਧਾਰਮਕ ਸਾਹਿਤ ਉਤੇ ਸੀ। ਜਿਵੇਂ ਰਾਮਾਇਣ, ਗੀਤਾ, ਮਹਾਂਭਾਰਤ, ਅਨੇਕਾਂ ਸੰਤਾਂ ਭਗਤਾਂ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਦਾ ਅਧਿਐਨ, ਰੋਜ਼ਾਨਾ ਜੀਵਨ ਵਿਚ ਕੰਮ ਆਉਣ ਵਾਲੇ ਵਿਸ਼ਿਆਂ ਤੋਂ ਇਲਾਵਾ ਕਰਵਾਇਆ ਜਾਂਦਾ ਸੀ, ਤਾਂਕਿ ਨਵੀਂ ਪੀੜ੍ਹੀ ਵਿਚ ਆਦਰਸ਼ਕ ਚਰਿੱਤਰ ਦਾ ਨਿਰਮਾਣ ਹੋਵੇ। ਕਾਰਜ-ਨਿਪੁੰਨਤਾ (Vocational proficiency) ਅਤੇ ਉਚ ਆਚਰਣ ਪੁਰਾਤਨ ਅਤੇ ਮੱਧ ਭਾਰਤ ਦੀ ਸਿਖਿਆ-ਪ੍ਰਣਾਲੀ ਦੇ ਦੋ ਮਹੱਤਵਪੂਰਨ ਥੰਭ ਰਹੇ ਹਨ।

ਭਗਤ ਕਬੀਰ ਜੀ ਮੱਧਕਾਲ ਦੇ ਮਹਾਨ ਉਤਮ ਭਗਤ ਅਤੇ ਮਹਾਨ ਆਲੋਚਕ ਹੋਏ ਹਨ, ਜੋ ਪ੍ਰਭੂ-ਜੋਤਿ ਨਾਲ ਇਕ-ਮਿਕ ਹੋਏ ਹੋਏ ਸਨ। ਉਸ ਸਮੇਂ ਦੀ ਪ੍ਰਚਲਤ ਸਿਖਿਆ-ਪ੍ਰਣਾਲੀ ਵਿਦਿਆਰਥੀਆਂ ਨੂੰ ਧਰਮ-ਗ੍ਰੰਥਾਂ ਦਾ ਜਿਸ ਪ੍ਰਕਾਰ ਨਾਲ ਅਰਥ-ਬੋਧ ਕਰਵਾਂਦੀ ਸੀ ਉਸ ਨਾਲ ਪਰਤੱਖ ਤਤ ਗਿਆਨ ਦੀ ਪ੍ਰਾਪਤੀ ਕਿਸੇ ਨੂੰ ਭੀ ਨਹੀਂ ਸੀ ਹੁੰਦੀ। ਕੇਵਲ ਤੋਤੇ ਵਾਂਗ ਰਟਣ ਤਕ ਹੀ ਸਮਕਾਲੀ ਸਿਖਿਆ ਸੀਮਤ ਸੀ। ਇਸੇ ਵਲ ਸੰਕੇਤ ਕਰਦੇ ਹੋਏ ਭਗਤ ਜੀ ਨੇ ਇਉਂ ਫੁਰਮਾਇਆ :-

ਕਿਆ ਪੜੀਐ, ਕਿਆ ਗੁਨੀਐ ॥ ? ਕਿਆ ਬੇਦ ਪੁਰਾਨਾਂ ਸੁਨੀਐ ॥ ? (੬੫੫)

ਕਿਉਂਕਿ-ਪੜੇ ਸੁਨੇ ਕਿਆ ਹੋਈ ॥ ਜਉ ਸਹਜ ਨ ਮਿਲਿਓ ਸੋਈ ॥ ? ਸੋਰਠਿ ਕਬੀਰ ਜੀ (੬੫੫)

ਸੁਆਦਲੀ ਗੱਲ ਇਹ ਹੈ ਕਿ ਸ਼ੂਦਰ ਹੋਣ ਦੇ ਨਾਤੇ, ਬਿਨਾਂ ਕਿਸੇ ਪਾਠਸ਼ਾਲਾ ਦੀ ਪੜ੍ਹਾਈ ਦੇ (formal schooling) ਆਪ ਤੱਤ-ਗਿਆਨ-ਪ੍ਰਾਪਤੀ ਦੀ ਉਚ ਮੰਜ਼ਲ ਤਕ ਅਪੜੇ ਹੋਏ ਸਨ, ਅਤੇ ਅੱਜ

---

× ਕੀਰਤਪੁਰੋਂ ਆਈ ਸੰਗਤ ਸਮੇਤ ਜਮਨਾ ਦੇ ਕੰਢੇ ਪਾਲਕੀ ਵਿਚ ਚਲੇ ਗਏ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਲੀ ਆ ਰਹੀ ਮਰਯਾਦਾ ਅਨੁਸਾਰ ਸਤਿਗੁਰੂ ਜੀ ਨੇ ਪੰਜ ਪੈਸੇ ਮੰਗਾਏ, ਹੱਥਾਂ ਨਾਲ ਹੀ ਤਿੰਨ ਪਰਕਰਮਾਂ ਕੀਤੀਆਂ ਤੇ ਕੋਲ ਬੈਠੀ ਸਾਰੀ ਸੰਗਤ ਨੂੰ ਹੁਕਮ ਦਿਤਾ ਕਿ "ਬਾਬਾ ਬਕਾਲੇ" ਹੈ। ਜਿਸ ਦਾ ਭਾਵ ਇਹ ਸੀ ਕਿ ਸਾਥੋਂ ਪਿਛੋਂ ਗੁਰਿਆਈ ਦੀ ਜ਼ਿਮੇਵਾਰੀ ਸੰਭਾਲਣ ਵਾਲਾ ਮਹਾਪੁਰਖ ਪਿੰਡ ਬਕਾਲੇ ਵਿਚ ਹੈ ਤੇ ਸਾਡਾ ਬਾਬਾ ਭੀ ਹੈ।

ਇਸ ਤੋਂ ਪਿਛੋਂ ਆਪ ਜੋਤੀ ਜੋਤਿ ਸਮਾ ਗਏ, ਉਸ ਦਿਨ ਬੁਧਵਾਰ ਸੀ ਅਤੇ ਈਸਵੀ ਸੰਨ ੧੬੬੪ ਮਾਰਚ ੩੦ ਤਰੀਕ ਸੀ। ਜਿਥੇ ਜਮਨਾ ਦੇ ਕੰਢੇ ਆਪ ਦੇ ਸਰੀਰ ਦਾ ਸਸਕਾਰ ਕੀਤਾ ਗਿਆ ਸੀ, ਉਥੇ ਹੁਣ ਗੁਰਦੁਆਰਾ ਹੈ, ਦੇਹੁਰਾ ਬਾਲਾ ਜੀ।



www.AKJ.Org

ਯੂਨੀਵਰਸਿਟੀਆਂ ਵਿਚ ਕਬੀਰ ਸਾਹਿਬ ਦੀ ਬਾਣੀ ਦੀ ਖੋਜ ਹੋ ਰਹੀ ਹੈ ਕਿ ਉਹਨਾਂ ਦੇ ਇਸ ਤੱਤ-ਗਿਆਨ ਦਾ ਸੋਮਾ ਤੇ ਸਰੂਪ ਕੀ ਸੀ ?

ਉਹਨਾਂ ਦਾ ਉਪਰੋਕਤ ਪ੍ਰਸ਼ਨ "ਕਿਆ ਪੜੀਐ," ਅਜੋਕੇ ਸਿਖਿਆ-ਸ਼ਾਸਤ੍ਰੀਆਂ ਸਾਹਮਣੇ ਖੜਾ ਹੈ। ਅੱਜ ਮਾਦਾ-ਪ੍ਰਸਤੀ ਦਾ ਯੁਗ ਹੈ। ਇਸ ਵਿਚ ਲੋੜ ਨਾਲੋਂ ਵਧ ਜ਼ੋਰ ਕਿੱਤਾ-ਕੁਸ਼ਲਤਾ (Vocational perfection) ਤੇ ਦਿੱਤਾ ਜਾਂਦਾ ਹੈ, ਜਿਸ ਦਾ ਮਨੋਰਥ ਹੈ ਨਵੀਂ ਪੀੜ੍ਹੀ ਦਾ ਹਰ ਨਾਗਰਿਕ ਵਧ ਤੋਂ ਵਧ ਧਨ ਕਮਾਵੇ ਅਤੇ ਜੋ ਜੀਅ ਚਾਹੇ ਕਰੇ, ਖਾਵੇ, ਪਹਿਰੇ, ਜਾਂ ਭੋਗੇ। ਭਾਵ, ਕਾਰਜ-ਕੁਸ਼ਲਤਾ ਕੇਵਲ ਆਪਣੀ ਭੁੱਖ ਜਾਂ ਖ਼ਾਹਸ਼ਾਂ ਦੀ ਪੂਰਤੀ ਲਈ ਹੀ ਪ੍ਰਾਪਤ ਕੀਤੀ ਜਾਂਦੀ ਹੈ।

ਇਸ ਤਰ੍ਹਾਂ ਦੀ ਸਿਖਿਆ-ਪ੍ਰਣਾਲੀ ਵਿਚ ਸਮਾਜਿਕ ਜੀਵਨ ਲਈ ਉਚੇ ਆਦਰਸ਼ਕ ਨਿਯਮਾਂ ਦੀ ਕੋਈ ਥਾਂ ਨਹੀਂ। ਨਤੀਜਾ ਇਹ ਹੈ ਕਿ ਅੱਜ ਦੇ ਜੁਗ ਵਿਚ ਪਖੰਡ, ਠੱਗੀ, ਹੇਰਾਫੇਰੀ, ਚੋਰੀ ਹਰ ਪ੍ਰਕਾਰ ਦੀ, (ਕੰਮ ਤੋਂ ਜੀਅ ਚੁਰਾਉਣਾ ਭੀ ਚੋਰੀ ਹੈ), ਗੱਲ-ਘੋਟੂ ਵਪਾਰਕ ਗੱਲਾਂ, ਗਰੀਬ-ਮਾਰ ਕਰਨੀ, ਪਰਾਇਆ ਹੱਕ ਖੋਹਣਾ, ਵੱਢੀ ਲੈ ਕੇ ਕੰਮ ਕਰਨਾ, ਝੂਠ ਬੋਲਣਾ, ਲੈ ਕੇ ਮੁਕਰ ਜਾਣਾ, ਆਦਿ ਇਹੋ ਜਿਹੀਆਂ ਸਮਾਜਿਕ ਬੁਰਾਈਆਂ ਸਾਡੇ ਦੇਸ਼ ਵਿਚ ਆ ਵੜੀਆਂ ਹਨ। ਇਸ ਲਈ "ਕਿਆ ਪੜੀਐ" ਦਾ ਪ੍ਰਸ਼ਨ ਅੱਜ ਦੇ ਇਸ ਵਿਗੜੇ ਹੋਏ ਮਾਹੌਲ ਵਿਚ ਹੋਰ ਭੀ ਵਧੇਰੇ ਉਚਿਤ ਜਾਪਦਾ ਹੈ।

**ਗੁਰਮਤੀ ਕਦਰਾਂ ਦੇ ਸੰਦਰਭ ਵਿਚ ਉਪਰੋਕਤ ਨੁਕਤੇ ਉਤੇ ਵਿਚਾਰ ਕਰਨੀ ਅਤੇ ਗੁਰਬਾਣੀ ਤੋਂ ਸੇਧ ਲੈਣੀ ਲਾਹੇਵੰਦਾ ਸੌਦਾ ਹੈ।**

ਸਤਿਗੁਰੂ ਸਾਹਿਬਾਨ ਨੇ ਸਿਖ ਨੂੰ ਘਰ-ਬਾਰੀ ਪ੍ਰਾਣੀ ਹੋਣ ਦੀ ਸਿਖਿਆ ਦਿੱਤੀ ਹੈ। ਜੋ ਪ੍ਰਾਣੀ ਸਮਾਜ ਵਿਚ ਰਹਿੰਦਾ ਹੈ, ਉਸ ਉਤੇ ਸਮਾਜ ਦੇ ਚੰਗੇ ਮੰਦੇ ਪ੍ਰਭਾਵ ਜ਼ਰੂਰ ਪੈਣਗੇ। ਸਿਖ ਲਈ ਤਾਂ ਸਮਾਜ ਦੇ ਮੰਦੇ ਪ੍ਰਭਾਵਾਂ ਨਾਲ ਨਿਰੰਤਰ ਘੋਲ ਲਈ ਜੂਝਦੇ ਰਹਿਣਾ ਹੀ ਜੀਵਨ-ਲਕਸ਼ ਹੈ। ਉਸ ਨੇ ਗੁਣਾਂ ਦਾ ਸਾਂਝੀਵਾਲ ਹੋਣਾ ਹੈ, ਅਤੇ ਔਗੁਣਾਂ ਨੂੰ ਛਡਣਾ ਹੈ।

ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ ॥੩॥ (ਸੂਹੀ ਛੰਤ ਮ: ੧–੭੬੬)

ਆਪਣੀ ਆਜੀਵਕਾ ਲਈ ਸਿਖ ਨੇ ਕੋਈ ਨਾ ਕੋਈ ਕਿੱਤਾ ਤਾਂ ਜ਼ਰੂਰ ਹੀ ਅਪਣਾਣਾ ਹੈ, ਪਰ ਉਸ ਨੇ ਉਸ ਕਿੱਤੇ ਵਿਚ ਹੀ ਉਲਝ ਕੇ ਨਹੀਂ ਰਹਿ ਜਾਣਾ। ਸਿਖ ਨੂੰ ਸਤਿਗੁਰਾਂ ਨੇ ਇਹ ਸੁਮਤਿ ਦਿਤੀ ਹੈ ਕਿ ਕੇਵਲ ਭੁੱਖ ਜਾਂ ਤ੍ਰਿਸ਼ਨਾ ਦੇ ਅਧੀਨ ਹੀ ਜੀਵਨ ਜੀਣਾ ਤਾਂ ਭਾਰਤ ਦੇ ਵਾਮ-ਮਾਰਗੀਆਂ ਦੀ ਫਿਲਾਸਫੀ ਹੈ। ਨਿਰਣਤ ਤੱਤ ਇਹੋ ਹੈ ਕਿ– ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ ॥੧॥ (ਜਪੁਜੀ, ਪੰਨਾ ੧)

ਦੂਜੀ ਗੱਲ ਸਤਿਗੁਰਾਂ ਨੇ ਇਹ ਦਰਸਾਈ ਹੈ ਕਿ ਪੜ੍ਹਨਾ ਗੁੜ੍ਹਨਾ ਤਾਂ ਆਮ ਸੰਸਾਰੀਆਂ ਦਾ ਕੰਮ ਹੈ। ਬਹੁਤਾ ਪੜ੍ਹਨ ਸੁਣਨ ਨਾਲ ਦੋ ਉਪਾਧੀਆਂ ਪ੍ਰਬਲ ਰੂਪ ਵਿਚ ਪਰਗਟ ਆ ਹੁੰਦੀਆਂ ਹਨ। ਇਕ ਹੈ ਅਹੰਕਾਰ, ਤੇ ਦੂਜੀ ਹੈ ਤ੍ਰਿਸ਼ਨਾ ਜਾਂ ਖ਼ਾਹਸ਼ਾਂ ਦੀ ਪੂਰਤੀ ਲਈ ਦੌੜ-ਭੱਜ। ਮਨੁਖ ਫਿਰ ਹੰਕਾਰੀ ਅਤੇ ਤ੍ਰਿਸ਼ਨਾਲੂ ਹੋਇਆ ਭਟਕਦਾ ਫਿਰਦਾ ਹੈ–

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ, ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ, ਦੂਜੈ ਭਾਇ ਖੁਆਰੁ ॥੧॥੨੧॥ (੬੫੦)

ਅਗੋਂ ਸੇਧ ਇਹ ਬਖਸ਼ਸ਼ ਕਰਦੇ ਹਨ :–

ਸੋ ਪੜਿਆ ਸੋ ਪੰਡਿਤੁ ਬੀਨਾ, ਗੁਰ ਸਬਦਿ ਕਰੇ ਵੀਚਾਰੁ ॥
ਅੰਦਰੁ ਖੋਜੈ, ਤਤੁ ਲਹੈ, ਪਾਏ ਮੋਖ ਦੁਆਰੁ ॥੧॥੨੧॥
(ਸਲੋਕੁ ਮ: ੩, ਵਾਰ ਸੋਰਠਿ, ਪੰਨਾ ੬੫੦)

ਸੋ, ਸਿਖ ਦੀ ਮੰਜ਼ਲ ਕੇਵਲ ਆਪਣੇ ਕਿੱਤੇ ਦੀ ਕੁਸ਼ਲਤਾ-ਪ੍ਰਾਪਤੀ ਹੀ ਨਹੀਂ। ਇਹ ਤਾਂ ਕੇਵਲ ਇਕ


www.AKJ.Org

ਨਿੱਕਾ ਜਿਹਾ ਸਾਧਨ ਹੈ ਆਪਣੇ ਆਪ ਨੂੰ ਤੇ ਪਰਿਵਾਰ ਨੂੰ ਆਰਥਕ ਅਤੇ ਸਮਾਜਿਕ ਭਾਈਚਾਰੇ ਵਿਚ ਕਾਇਮ ਰਖਣ ਦਾ। ਸਿਖ ਦੀ ਅਸਲ ਮੰਜ਼ਲ ਗੁਰੂ-ਲੋਕ ਤਕ ਪੁਜਣਾ ਹੈ। ਗੁਰੂ-ਲੋਕ ਨੂੰ ਸੁਖ-ਮਹਲ ਭੀ ਆਖਿਆ ਹੈ–

ਸੂਖ ਮਹਲ ਜਾ ਕੇ ਊਚ ਦੁਆਰੇ ॥ ਤਾ ਮਹਿ ਵਾਸਹਿ ਭਗਤ ਪਿਆਰੇ ॥੧॥੧੨।

(ਸੂਹੀ ਮ: ੫, ਪੰਨਾ ੭੩੯)

ਸਿੱਖੀ ਮਾਰਗ ਤਾਂ ਪ੍ਰੇਮਾ-ਭਗਤੀ-ਮਾਰਗ ਹੈ। ਇਸ ਮਾਰਗ ਲਈ ਗੁਰਮਤੀ ਕਦਰਾਂ ਇਹ ਸੇਧ ਦੇ ਰਹੀਆਂ ਹਨ ਕਿ ਸਿਖ ਨੇ ਉਹ ਕੁਝ ਪੜ੍ਹਨਾ ਹੈ ਜਿਸ ਨਾਲ ਹਿਰਦੇ ਅੰਦਰ ਸਤ ਅਤੇ ਸੰਤੋਖ ਦਾ ਨਿਵਾਸ ਹੋਵੇ, ਗਿਆਨ ਅਤੇ ਸਹਜ ਦੀ ਪ੍ਰਾਪਤੀ ਹੋਵੇ।

ਪੜ੍ਹੇ ਲਿਖੇ ਪੰਡਤਾਂ ਵਿਦਵਾਨਾਂ ਤੇ ਬੁਧੀਜੀਵੀਆਂ ਨੂੰ ਗੁਰਬਾਣੀ ਹੇਠ ਲਿਖੇ ਅਨੁਸਾਰ ਸੰਬੋਧਨ ਕਰਦੀ ਹੈ–

(ੳ) ਪੜਿਆ ਮੂਰਖੁ ਆਖੀਐ, ਜਿਸੁ ਲਬੁ ਲੋਭੁ ਅਹੰਕਾਰਾ ॥
ਨਾਉ ਪੜੀਐ, ਨਾਉ ਬੁਝੀਐ, ਗੁਰਮਤੀ ਵੀਚਾਰਾ ॥੬॥ (ਮਾਝ ਕੀ ਵਾਰ, ਪੰਨਾ ੧੪੦)

(ਅ) ਪੜਹਿ ਗੁਣਹਿ ਤੂੰ ਬਹੁਤੁ ਪੁਕਾਰਹਿ, ਵਿਣੁ ਬੂਝੇ ਤੂੰ ਡੂਬਿ ਮੁਆ ॥੮॥ (ਆਸਾ ਮ: ੩-੪੩੫)

(ੲ) ਪੜਿ ਥਕੇ ਸੰਤੋਖੁ ਨ ਆਇਓ, ਅਨਦਿਨੁ ਜਲਤ ਵਿਹਾਇ ॥
ਕੂਕ ਪੂਕਾਰ ਨ ਚੁਕਈ, ਨਾ ਸੰਸਾ ਵਿਚਹੁ ਜਾਇ ॥
ਨਾਨਕ, ਨਾਮ ਵਿਹੂਣਿਆ, ਮੁਹਿ ਕਾਲੈ ਉਠਿ ਜਾਇ ॥੨॥੧੨॥ (ਮ: ੩, ਵਾਰ ਸੋਰਠਿ, ੬੪੭)

ਉਪਰੋਕਤ ਵਿਚਾਰ ਤੋਂ ਇਕ ਰੋਚਕ ਪ੍ਰਸ਼ਨ ਭੀ ਸਾਹਮਣੇ ਆਉਂਦਾ ਹੈ ਕਿ ਕੀ ਗੁਰਮਤਿ ਵਿਚ ਪੜ੍ਹਾਣ ਵਾਲੇ ਅਧਿਆਪਕ ਲਈ ਭੀ ਕੋਈ ਸੇਧ ਹੈ ? ਇਸ ਪ੍ਰਸ਼ਨ ਦੇ ਉਤਰ ਵਿਚ ਗੁਰ-ਫੁਰਮਾਨ ਇਉਂ ਸੇਧ ਬਖਸ਼ਦੇ ਹਨ–

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥
ਬਿਦਿਆ ਸੋਧੈ, ਤਤੁ ਲਹੈ, ਰਾਮਨਾਮ ਲਿਵ ਲਾਇ ॥
ਮਨਮੁਖ ਬਿਦਿਆ ਬਿਕ੍ਰਦਾ, ਬਿਖੁ ਖਟੇ ਬਿਖੁ ਖਾਇ ॥
ਮੂਰਖੁ ਸਬਦੁ ਨ ਚੀਨਈ, ਸੂਝ ਬੂਝ ਨਹ ਕਾਇ ॥੫੩॥
ਪਾਧਾ ਗੁਰਮੁਖਿ ਆਖੀਐ, ਚਾਟੜਿਆ ਮਤਿ ਦੇਇ ॥
ਨਾਮੁ ਸਮਾਲਹੁ, ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥
ਸਚੀ ਪਟੀ ਸਚੁ ਮਨਿ, ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ, ਜਿਸੁ ਰਾਮ ਨਾਮੁ ਗਲਿ ਹਾਰੁ ॥੫੪॥

(ਰਾਮਕਲੀ ਮ: ੧, ਓਅੰਕਾਰੁ, ਪੰਨਾ ੯੩੭-੩੮)

ਸਿਖਿਆ-ਦਾਤਾ ਕੈਸਾ ਹੋਵੇ ? ਉਤਰ ਦਿੱਤਾ ਹੈ ਕਿ ਉਹ ਸਹਜ ਵਿਚ ਅਤੇ ਪ੍ਰਭੂ-ਪ੍ਰੇਮ ਵਿਚ ਜੁੜ ਕੇ ਵਿਦਿਆ ਵਿਚਾਰੇ। ਭਾਵ, ਵਾਹਿਗੁਰੂ ਜੀ ਦੇ ਤਤ-ਗਿਆਨ ਦੀ ਪ੍ਰਾਪਤੀ ਲਈ ਤਤਪਰ ਹੋਵੇ। ਉਹ ਪਾਂਧਾ ਮਨਮੁਖ ਹੈ, ਉਹ ਪਰਚਾਰਕ ਮਨਮੁਖ ਹੈ ਜੋ ਇਸ ਤੱਤ-ਗਿਆਨ ਨੂੰ ਵੇਚਦਾ ਹੈ। ਉਸਦਾ ਇਹ ਕੰਮ ਜ਼ਹਿਰ ਵਿਹਾਜਣ ਦੇ ਤੁਲ ਹੈ। ਸਹੀ ਪਾਂਧਾ ਉਹੀ ਹੈ ਜੋ ਆਪਣੇ ਚਾਟੜਿਆਂ (ਵਿਦਿਆਰਥੀਆਂ) ਨੂੰ ਇਹ ਮਤ ਦੇਂਦਾ ਹੈ ਕਿ ਸੰਸਾਰ ਵਿਚ ਪ੍ਰਾਪਤ ਕਰਨ ਜੋਗ ਵਸਤੂ ਪ੍ਰਭੂ ਦਾ ਨਾਮ, ਅਤੇ ਪ੍ਰਭੂ ਦਾ ਤੱਤ ਗਿਆਨ ਹੈ। ਪੜ੍ਹਾਉਣ ਵਾਲਾ ਵਿਅਕਤੀ ਵਿਦਿਆਰਥੀਆਂ ਨੂੰ ਵਾਹਿਗੁਰੂ ਨਾਮ ਸਿਖਾਲੇ, ਇਹੋ ਹੀ ਸਭ ਤੋਂ ਸ੍ਰੇਸ਼ਟ ਪੱਟੀ ਹੈ। ਓਹੋ ਪਾਂਧਾ ਹੀ ਸਰਬ-ਸ੍ਰੇਸ਼ਟ ਤੇ ਸਿਆਣਾ ਹੈ, ਜਿਸ ਦੇ ਅੰਦਰ ਰਾਮ ਨਾਮ ਦੀ ਜੋਤਿ ਪ੍ਰਕਾਸ਼ ਕਰਦੀ ਹੋਵੇ। ਇਉਂ 'ਕਿਆ ਪੜ੍ਹੀਐ ਅਤੇ ਕੀ ਪੜ੍ਹਾਈਐ' ਦੋਹਾਂ ਦੀ ਸੇਧ ਗੁਰਬਾਣੀ ਦੇ ਰਹੀ ਹੈ।


www.AKJ.org

# ਕਿਰਦਾਰ ਦੇ ਗ਼ਾਜ਼ੀ ਬਣੋ

[ਗਿਆਨੀ ਹਰਜੀਤ ਸਿੰਘ ਜੀ, ਲੁਧਿਆਣਾ]

ਨੋਟ :—ਕਿਸੇ ਸਮੇਂ ਗਿ: ਹਰਜੀਤ ਸਿੰਘ ਜੀ ਗੁਜਰਾਂਵਾਲਾ ਗੁ: ਪ੍ਰ: ਕਮੇਟੀ ਦੇ ਮੁਖੀਆਂ ਵਿਚੋਂ ਸਨ। ਉਥੇ ਆਪ ਜੀ, ਬਾਵਾ ਹਰਕ੍ਰਿਸ਼ਨ ਸਿੰਘ ਜੀ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਦੇ ਸੰਗੀ-ਸਾਥੀਆਂ ਵਿਚ ਵਿਚਰਦੇ ਸਨ। ਆਪਣੀ ਨੇਕ ਕਿਰਤ-ਕਮਾਈ ਕਰ ਕੇ, ਉਚੇ ਆਚਾਰ ਤੇ ਵਿਹਾਰ ਨਾਲ ਗੁਰਦੁਆਰਾ ਪ੍ਰਬੰਧ ਵਿਚ ਸੇਵਾ ਨਿਭਾਂਦੇ ਰਹੇ। ਆਪ ਪੁਰਾਤਨ ਅਕਾਲੀਆਂ ਵਿਚੋਂ ਸੱਚ ਤੇ ਪਹਿਰਾ ਦੇਣ ਵਾਲੇ ਅਕਾਲੀ ਰਹੇ ਹਨ।

ਐਸ ਵੇਲੇ ਪੰਥ ਦੇ ਮੁਖੀ-ਸਦਵਾਂਦੇ ਆਗੂਆਂ ਦੀਆਂ ਨਿਜ-ਸਵਾਰਥੀ ਤੇ ਹਵਸੀ ਕਰਤੂਤਾਂ ਕਰਕੇ, ਪੰਥ ਦੀ ਤੰਦ-ਤਾਣੀ ਬੁਰੀ ਤਰ੍ਹਾਂ ਉਲਝੀ ਪਈ ਹੈ। ਪੰਥ ਦੀ ਇਸ ਬਿਖੜੀ ਦਸ਼ਾ ਨੂੰ ਵੇਖ ਕੇ, ਗਿਆਨੀ ਜੀ ਦੇ ਦੁਖੇ ਦਿਲ ਵਿਚੋਂ ਜੋ ਹੂਕਾਂ ਨਿਕਲੀਆਂ ਹਨ, ਉਹ ਪਾਠਕਾਂ ਦੇ ਪੇਸ਼ ਹਨ। —ਸੰਪਾਦਕ

ਔਕੜ, ਭੀੜ ਤੇ ਮੁਸੀਬਤ ਬਣੀ ਵੇਲੇ ਵੀ ਜਿਹੜੇ ਸਿਰ ਜੋੜ ਕੇ ਨਾ ਬੈਠਣ ਉਹਨਾਂ ਨੂੰ ਸਿਆਣੇ ਨਹੀਂ ਮੰਨੀਦਾ। ਤੁਸੀਂ ਲੀਡਰ ਅਖਵਾਉਂਦੇ ਹੋ। ਤੁਹਾਡੇ ਤੇ ਭਰੋਸਾ ਤੇ ਵਿਸ਼ਵਾਸ ਕੀਤਾ ਹੈ ਕੌਮ ਨੇ, ਤੁਸਾਂ ਕੌਮ ਦੀ ਵਿਗੜੀ ਸਵਾਰਨੀ ਹੈ, ਵਿਗੜਨ ਦਾ ਕਾਰਨ ਨਾ ਬਣੋ। ਤੁਸੀਂ ਕੌਮ ਦੇ ਅੱਗੇ ਜਵਾਬ-ਦੇਹ ਹੋ। ਗੁਰੂ ਪੰਥ ਦੇ ਦੇਣਦਾਰ ਹੋਵੋਗੇ ਜੇ ਅਜੇ ਵੀ ਵੇਲਾ ਨਾ ਸੰਭਾਲਿਆ। ਆਪਣਾ ਸੁਨਹਿਰੀ ਇਤਿਹਾਸ ਧੁੰਦਲਾ ਨਾ ਕਰੋ। ਤੁਹਾਨੂੰ ਆਉਣ ਵਾਲੀਆਂ ਪੀੜ੍ਹੀਆਂ ਕਦੀ ਵੀ ਮਾਫ਼ ਨਹੀਂ ਕਰਨਗੀਆਂ।

ਇਉਂ ਜਾਪਦਾ ਹੈ ਜਿਵੇਂ ਧੀਰਜ, ਤਿਆਗ, ਸੇਵਾ, ਪਿਆਰ ਵਰਗੇ ਦੈਵੀ ਗੁਣ ਲੀਡਰਾਂ ਤੋਂ ਕਿਸੇ ਨੇ ਖੋਹ ਲਏ ਹੋਣ ਤੇ ਹਉਮੈ, ਹੰਕਾਰ, ਈਰਖਾ ਤੇ ਚੌਧਰ ਦੀ ਲਾਲਸਾ ਨੇ ਇਨ੍ਹਾਂ ਨੂੰ ਘੇਰ ਲਿਆ ਹੋਵੇ।

ਮਾਰੋ ਪਿਛਲੇ ਪੰਜ ਸਾਲਾਂ ਤੇ ਝਾਤ, ਕੌਮ ਨੂੰ ਕਿਥੋਂ ਦਾ ਕਿੱਥੇ ਧਕੇਲ ਦਿੱਤਾ ਗਿਆ ਹੈ। ਕਿਹੜੀਆਂ-ਕਿਹੜੀਆਂ ਹੋਣੀਆਂ ਤੇ ਅਨਹੋਣੀਆਂ ਹਨ ਜਿਹੜੀਆਂ ਸਾਡੇ ਤੇ ਨਹੀਂ ਵਾਪਰੀਆਂ। ਏਡੀ ਵਡੀ ਤਬਾਹੀ, ਬਰਬਾਦੀ ਕਰਵਾ ਕੇ ਵੀ ਨਹੀਂ ਸੰਭਲਾਂਗੇ ਤੇ ਆਪੋ ਵਿੱਚ ਹੀ ਲੜੀ ਜਾਵਾਂਗੇ।

ਜਥੇਦਾਰੋ, ਜੇ ਜਥੇ ਹੀ ਨਾ ਰਹੇ ਤਾਂ ਜਥੇਦਾਰੀਆਂ ਕਿਸ ਦੀਆਂ ਕਰੋਗੇ। ਸ਼੍ਰੋਮਣੀ ਅਕਾਲੀ ਦਲ ਤਾ ਦਲ-ਦਲ ਬਣਾ ਲਈ ਹੈ। ਹੁਣ ਪੰਥ ਦੀ ਸਿਰ-ਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਬਖੀਏ ਉਧੇੜਨ ਦੇ ਰਾਹ ਪੈ ਗਏ ਹੋ। ਕੌਣ ਰੋਕੇਗਾ ਤੁਹਾਨੂੰ ? ਸਾਰਾ ਸਿੱਖ ਜਗਤ ਪੰਥਕ ਏਕਤਾ ਤੇ ਇਤਫ਼ਾਕ ਲਈ ਹਾੜੇ ਤੇ ਤਰਲੇ ਲੈ ਰਿਹਾ ਹੈ। ਲਿਖਣ ਵਾਲਿਆਂ ਦੀਆਂ ਲਿਖ-ਲਿਖ ਕੇ ਕਲਮਾਂ ਘਸ ਗਈਆਂ ਹਨ ਪੰਥਕ ਏਕਤਾ ਲਈ। ਪਰ ਜਿਵੇਂ ਥਿੰਦੇ ਘੜੇ ਤੇ ਪਾਣੀ ਨਹੀਂ ਟਿਕਦਾ, ਤੁਹਾਡੇ ਉਤੇ ਕੋਈ ਅਸਰ ਨਹੀਂ ਹੁੰਦਾ। ਜੇ ਏਕਤਾ ਕਰਨੀ ਹੀ ਨਹੀਂ ਤਾਂ ਇਹ ਅਖ਼ਬਾਰੀ ਡ੍ਰਾਮੇ ਕਿਉਂ ਕਰਦੇ ਹੋ।

ਗੁਫ਼ਤਾਰ ਦੇ ਗ਼ਾਜ਼ੀਓ, ਕਿਰਦਾਰ ਦੇ ਵੀ ਗ਼ਾਜ਼ੀ ਬਣੋ। ਲੋਕਾਂ ਨੂੰ ਏਕਤਾ ਦੇ ਭੁਲਾਵੇ ਇਕੱਠੇ ਕਰ ਕੇ ਆਪੋ ਆਪਣੇ ਧੜੇ ਹੀ ਪੱਕੇ ਕਰਦੇ ਹੋ। ਇਸ ਨਾਲ ਕੌਮ ਨੂੰ ਕੋਈ ਲਾਭ ਨਹੀਂ ਹੋਣਾ। ਕਿਸੇ ਦੀ ਹਉਮੈ ਨੂੰ ਪੱਠੇ ਭਾਵੇਂ ਪੈਂਦੇ ਹੋਣ ਇਕ ਦੂਸਰੇ ਨੂੰ ਸਰਕਾਰੀਏ ਹੋਣ ਦੇ ਦੂਸ਼ਨ ਲਾਉਂਦੇ ਹੋ, ਜਿਸ ਨਾਲ ਆਮ ਲੋਕਾਂ ਨੂੰ ਸਰਕਾਰੀਏ ਤੇ ਗ਼ੈਰ-ਸਰਕਾਰੀਏ ਵਿਚ ਫ਼ਰਕ ਸਮਝਣਾ ਔਖਾ ਹੋ ਗਿਆ ਹੈ। ਤੁਹਾਡੇ ਆਹਮੋ-ਸਾਹਮਣੇ ਲਾਏ ਦੂਸ਼ਣਾਂ ਮੂਜਬ ਤਾਂ ਸਾਰੇ ਹੀ ਸਰਕਾਰੀ ਹੋ ਗਏ ਜਾਪਦੇ ਹੋ, ਫੇਰ ਗ਼ੈਰ-ਸਰਕਾਰੀ ਕਿਸ ਨੂੰ ਸਮਝਿਆ ਜਾਵੇ।

ਸੱਚ ਤਾਂ ਇਹ ਹੈ ਕਿ ਫੁੱਟ ਪੰਥ ਵਿਚ ਨਹੀਂ, ਸਿਰਫ਼ ਚੌਧਰੀਆਂ ਵਿਚ ਚੌਧਰ ਲਈ ਮਤ-ਭੇਦ ਹਨ। ਹਰ ਪਿੰਡ ਕਸਬੇ ਤੇ ਸ਼ਹਿਰਾਂ ਵਿਚ ਵੱਖੋ-ਵੱਖ ਦਲਾਂ ਦੇ ਜਥੇਦਾਰ, ਸਕੱਤਰ ਤੇ ਪ੍ਰਧਾਨ ਬਣੀ ਫਿਰਦੇ ਹਨ। ਭਾਵੇਂ ਜਥਾ ਮਗਰ ਕੋਈ ਨਾ ਹੋਵੇ। ਇਹ ਸਾਉਣ ਦੇ ਮਹੀਨੇ ਦੀਆਂ ਖੁੰਬਾਂ ਵਾਂਗ ਆਪੇ ਬਣੇ ਜਥੇਦਾਰ ਕਿਉਂ ਏਕਤਾ ਹੋਣ ਦੇਣਗੇ ?

× ×



www.AKJ.Org

# ਅੰਮ੍ਰਿਤਸਰੁ ਸਿਫਤੀ ਦਾ ਘਰੁ

[ਪ੍ਰੋਫੈਸਰ ਜੋਗਿੰਦਰ ਸਿੰਘ ਜੀ, ਅੰਤ੍ਰਿੰਗ ਮੈਂਬਰ : ਦਿਲੀ ਗੁ: ਪ੍ਰ: ਕਮੇਟੀ]

ਅੰਮ੍ਰਿਤਸਰ ਭਾਰਤੀ ਸ਼ਹਿਰਾਂ ਵਿਚੋਂ ਜਿਥ ਇਕ ਪੁਰਾਣਾ ਤੇ ਪ੍ਰਸਿੱਧ ਸ਼ਹਿਰ ਹੈ, ਉਥੇ ਅੰਮ੍ਰਿਤਸਰ ਸਿੱਖ ਧਰਮ ਤੇ ਸਿਖ ਕੌਮ ਲਈ ਇਕ ਪਾਵਨ, ਪ੍ਰੰਪਰਾ ਦੇ ਗੌਰਵ ਨਾਲ ਸ਼ਿੰਗਾਰਿਆ ਤੇ ਮਾਨਵ-ਹਿਤੈਸ਼ੀ ਸਥਾਨ ਵੀ ਹੈ। ਆਕਾਰ ਪੱਖੋਂ ਅੰਮ੍ਰਿਤਸਰ ਪੰਜਾਬ ਦਾ ਇਕ ਵੱਡਾ ਸ਼ਹਿਰ ਹੈ, ਪਰ ਮੁੱਲ ਤੇ ਮਹੱਤਤਾ ਪੱਖੋਂ ਇਸ ਵਰਗਾ ਹੋਰ ਕੋਈ ਵੀ ਸਥਾਨ ਨਹੀਂ। ਜਦੋਂ ਗੁਰੂ ਅਰਜਨ ਪਾਤਸ਼ਾਹ ਅੰਮ੍ਰਿਤਸਰ ਦੇ ਮੁੱਲ ਤੇ ਮਹੱਤਤਾ ਨੂੰ ਪ੍ਰਗਟਾਉਣ ਲਗਦੇ ਹਨ ਤਾਂ ਉਹ ਬਿਨਾਂ ਕਿਸੇ ਸੰਕੋਚ ਜਾਂ ਲਿਹਾਜ਼ ਦੇ ਆਖਦੇ ਹਨ, ਕਿ 'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ'। 'ਨਹੀ ਤੁਧੁ ਜੇਹਿਆ' ਦਾ ਅਰਥ-ਭਾਵ ਇਹੀ ਹੈ ਕਿ ਅੰਮ੍ਰਿਤਸਰ ਵਰਗਾ ਹੋਰ ਕੋਈ ਥਾਵ ਨਹੀਂ। ਪ੍ਰੋ: ਪੂਰਨ ਸਿੰਘ ਜਦੋਂ ਇਸ ਪਾਵਨ ਧਰਤੀ ਨੂੰ ਆਪਣੇ ਕਾਵਿਮਈ ਸ਼ਬਦਾਂ ਵਿਚ ਅੰਕਿਤ ਕਰਦਾ ਹੈ, ਤਾਂ ਉਸ ਨੂੰ ਅੰਮ੍ਰਿਤਸਰ ਦੀ ਵਿਸ਼ੇਸ਼ਤਾ ਇਥੇ 'ਸੱਚਾ ਦਰਬਾਰ' ਹੋਣ ਕਰਕੇ ਜਾਂ ਦੈਵੀ ਜ਼ਿੰਦਗੀ ਦਾ 'ਪ੍ਰਕਾਸ਼' ਹੋਣ ਕਰਕੇ ਦਿਸਦੀ ਹੈ। ਉਹ ਆਖਦਾ ਹੈ ਕਿ ਕੇਵਲ 'ਇਹੀ ਇਕੋ ਸਥਾਨ ਹੈ, ਜਿਥੇ ਸਰਬ ਦਾ ਦਿਲ ਤੇ ਸਿਰ ਝੁਕਦਾ ਹੈ'—

ਇਹ ਗੁਰਾਂ ਵਾਲੀ ਧਰਤੀ ਹੈ, ਇਥੇ ਸੱਚਾ ਦਰਬਾਰ ਹੈ,
ਇਥੇ ਦਿਲ ਪਿਆ ਝੁਕਦਾ, ਸਿਰ ਪਿਆ ਨਿਵਦਾ।

ਸੰਸਾਰੀਆਂ ਵਾਸਤੇ ਅੰਮ੍ਰਿਤਸਰ ਇਕ ਪੁਰਾਣਾ ਤੇ ਵਪਾਰ ਲਈ ਪ੍ਰਸਿੱਧ ਸ਼ਹਿਰ ਹੈ; ਪਰ ਧਰਮੀ ਤੇ ਸਿੱਖ ਹਿਰਦਿਆਂ ਲਈ ਅੰਮ੍ਰਿਤਸਰ ਸੱਚੇ ਪਾਤਸ਼ਾਹ ਦਾ ਨਿਵਾਸ-ਅਸਥਾਨ ਹੈ, ਦੈਵੀ ਜੋਤਿ ਦੇ ਪ੍ਰਕਾਸ਼ ਦਾ ਗਿਆਨ-ਸਰੋਤ ਹੈ, ਗੁਰੂ-ਭਗਤੀ ਤੇ ਸ਼ਕਤੀ ਤੋਂ ਉਪਜ ਰਹੇ ਪ੍ਰਤਾਪ ਦਾ ਕੇਂਦਰ ਹੈ, ਸੱਚ ਤੇ ਸਹਿਜ-ਕੀਮਤਾਂ ਨਾਲ ਸ਼ਿੰਗਾ-ਰਿਆ ਹੋਇਆ ਅਦੁੱਤੀ ਘਰ ਹੈ। ਇਹੀ ਕਾਰਨ ਹੈ ਕਿ ਅੰਮ੍ਰਿਤਸਰ ਨੇ ਪਿਛਲੇ ੪੦੦ ਸਾਲਾਂ ਤੋਂ ਧਰਮ, ਜੀਵਨ, ਕੌਮ ਤੇ ਦੇਸ਼ ਦੀ ਸਿਰਜਣਾ ਵਿਚ ਯੋਗਦਾਨ ਪਾਇਆ ਹੈ। ਉਹ ਮੁੱਖ ਤੇ ਵਿਆਪਕ ਰੂਪ ਵਿਚ ਅਧਿਆਤਮਕ ਹੈ, ਪਰ ਅਧੀਨ ਰੂਪ ਵਿਚ ਉਹ ਇਤਿਹਾਸਕ ਤੇ ਰਾਜਨੀਤਕ ਵੀ ਹੈ।

ਅੰਮ੍ਰਿਤਸਰ ਦੀ ਸਿਰਜਣਾ ਦਾ ਸੁਪਨਾ ੧੫੭੦ ਈ: ਵਿਚ ਗੁਰੂ ਅਮਰਦਾਸ ਜੀ ਨੇ ਲਿਆ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਨੌਖੰਡ ਪ੍ਰਿਥਮੀ ਉਤੇ ਵਸਦੀ ਲੁਕਾਈ ਨੂੰ ਸੋਧ ਕੇ, ਅਖ਼ੀਰ ਆਪਣੇ ਆਪ ਨੂੰ ਤੇ ਧਰਮੀ ਸਿੱਖਾਂ ਨੂੰ ਕਰਤਾਰਪੁਰ ਵਿਚ ਕੇਂਦਰਿਤ ਕਰ ਲਿਆ ਸੀ, ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਵੀ ਚਾਹੁੰਦੇ ਸਨ ਕਿ 'ਸਿੱਖੀ' ਪ੍ਰਚਾਰ ਤੇ ਪਸਾਰ ਵਾਸਤੇ ਵਖੋ ਵਖਰੇ ਕੇਂਦਰ ਸਥਾਪਿਤ ਕੀਤੇ ਜਾਣ। ਕਰਤਾਰਪੁਰ ਵਿਚੋਂ ਗੁਰੂ-ਗਿਆਨ ਦਾ ਪ੍ਰਕਾਸ਼ ਪ੍ਰਾਪਤ ਕਰਕੇ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਤਾਂ ਛੱਡ ਦਿੱਤਾ, ਪਰ ਉਸ ਦੀ ਥਾਂ ਸਿੱਖੀ ਅਤੇ ਦੈਵੀ ਪ੍ਰਕਾਸ਼ ਦਾ ਕੇਂਦਰ ਖਡੂਰ ਸਾਹਿਬ ਨੂੰ ਬਣਾ ਲਿਆ। ਕਰਤਾਰਪੁਰ ਛੱਡਣ ਦੇ ਕਾਰਨ ਕਈ ਹੋ ਸਕਦੇ ਹਨ, ਪਰ ਇਕ ਕਾਰਨ ਇਹ ਵੀ ਸੀ ਕਿ ਇਹ ਸਥਾਨ ਸਿੱਖੀ-ਪ੍ਰਚਾਰ ਲਈ 'ਧਰਮਸਾਲ' ਦੇ ਰੂਪ ਵਿਚ ਸਥਾਪਤ ਹੋ ਚੁੱਕਾ ਸੀ। ਜਦੋਂ ਸਿੱਖੀ ਪ੍ਰਚਾਰ ਦਾ ਕੇਂਦਰ ਖਡੂਰ ਸਾਹਿਬ ਪ੍ਰਸਿੱਧ ਹੋ ਗਿਆ, ਤਾਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਸੇਵਕ (ਗੁਰੂ) ਅਮਰਦਾਸ ਜੀ ਨੂੰ 'ਗੋਇੰਦਵਾਲ' ਸਿਰਜਣ ਲਈ ਆਦੇਸ਼ ਵੀ ਦਿੱਤਾ ਤੇ ਸਹਿਯੋਗ ਵੀ ਦਿੱਤਾ। ਅਮਰਦਾਸ

---

×× ਜੇ ਕਿਧਰੇ ਗੱਲ ਅੱਗੇ ਟੁਰਦੀ ਦਿੱਸੇ ਤਾਂ ਝੱਟ ਬਿਆਨ ਠੋਕ ਦੇਣਗੇ, ਏਕਤਾ ਅਸੂਲਾਂ ਦੇ ਆਧਾਰ ਤੇ ਹੋਵੇ ਤੇ ਜੇ ਇਹਨਾਂ ਭਲੇ ਪੁਰਸ਼ਾਂ ਨੂੰ ਅਸੂਲ ਪੁਛੋ ਤਾਂ ਬੱਸ ਆਪਣੀ ਜਥੇਦਾਰੀ ਜਾਂ ਵਜ਼ਾਰਤ ਦੀ ਕੁਰਸੀ ਹੀ ਨਿਕਲੇਗਾ। ਲਿਖੇ ਸ਼ਬਦਾਂ ਨੂੰ ਨਾ ਵੇਖੋ, ਇਹਨਾਂ ਵਿਚ ਲੁੱਕੀਆਂ ਦਰਦ ਭਰੀਆਂ ਚੀਸਾਂ ਨੂੰ ਸੁਣੋ।

ਅੰਤ ਵਿਚ ਸਨਿਮਰ ਬੇਨਤੀ ਹੈ;ਪੰਥ (ਅਕਾਲੀ ਦਲ) ਦੇ ਰਹਿਨੁਮਾਓ, ਬਹੁਤ ਕੁਝ ਹੋ ਚੁੱਕਾ ਹੈ ਕੌਮ ਨਾਲ। ਗੁੱਸੇ ਗਿਲੇ ਸ਼ਿਕਵੇ ਭੁਲ ਜਾਓ ਹਾਲ ਦੀ ਘੜੀ। ਹੁਣ ਤੇ ਮੰਝਧਾਰ ਵਿਚ ਫਸੀ ਪੰਥ ਦੀ ਬੇੜੀ ਨੂੰ ਕੱਢਣ ਲਈ ਏਕਤਾ ਤੇ ਇਤਫ਼ਾਕ ਦੇ ਚੱਪੂਆਂ ਦੀ ਲੋੜ ਹੈ, ਜਿਹੜੇ ਸਿਰ ਜੋੜ ਕੇ ਬੈਠਣ ਬਾਝੋਂ ਨਹੀਂ ਲੱਭਦੇ।



www.AKJ.Org

ਜੀ ਨੇ ਆਪਣੇ 'ਗੁਰੂ-ਜੀਵਨ' ਦਾ ਬਹੁਤਾ ਸਮਾਂ 'ਗੋਇੰਦਵਾਲ' ਵਿਖੇ ਹੀ ਗੁਜ਼ਾਰਿਆ। 'ਗੋਇੰਦਵਾਲ' ਨੂੰ ਸਿੱਖੀ-ਪ੍ਰਕਾਸ਼ ਤੇ ਪ੍ਰਚਾਰ ਦਾ ਮਹੱਤਵ ਪੂਰਨ ਕੇਂਦਰ ਸਿਰਜਣ ਵਾਸਤੇ ਜਿਥੇ ਆਪ ਸਾਰੇ ਪੰਜਾਬ ਵਿਚ ਘੁੰਮਦੇ ਰਹੇ, ਸਿੱਖ-ਸੰਗਤਾਂ ਨੂੰ ਗੁਰ-ਗੱਦੀ ਤੇ ਗੋਇੰਦਵਾਲ ਨਾਲ ਜੋੜਦੇ ਰਹੇ, ਉਥੇ ਉਹਨਾਂ ਨੇ 'ਗੁਰੂ ਪੱਦਵੀ' ਸਮਰਪਣ ਕਰਨ ਤੋਂ ਪਹਿਲਾਂ ਹੀ, ਪੂਰਵੰ ਗੁਰੂ ਇੱਛਾ ਅਨੁਸਾਰ (ਗੁਰੂ) ਰਾਮਦਾਸ ਜੀ ਨੂੰ, ਜਿਹੜੇ ਭਾਈ ਜੇਠਾ ਕਰਕੇ ਵੀ ਪ੍ਰਸਿੱਧ ਸਨ, 'ਗੁਰੂ ਕਾ ਚੱਕ' ਵਸਾਉਣ ਤੇ ਸਿਰਜਣ ਲਈ ਆਦੇਸ਼ ਵੀ ਦਿੱਤਾ ਤੇ ਉਤੇਜਿਤ ਵੀ ਕੀਤਾ। ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ (ਕਰਤਾ, ਸੂਰਜ ਪ੍ਰਕਾਸ਼) ਇਥੋਂ ਤੱਕ ਆਖਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਹੁਕਮ ਦਿੱਤਾ ਸੀ, ਕਿ ਪਿੰਡ ਤੁੰਗ ਤੋਂ ਉਰਾਂ, ਗਿਲਵਾਲੀ ਤੋਂ ਪਰੇ, ਸੁਲਤਾਨਵਿੰਡ ਦੀ ਪੱਛਮ ਦਿਸ਼ਾ ਵਲ ਸ਼ਹਿਰ ਵਸਾਵਹੁ। ਕੁਝ ਇਤਿਹਾਸਕਾਰਾਂ ਦਾ ਇਹ ਵੀ ਮੱਤ ਹੈ ਕਿ ਗੁਰੂ ਅਮਰਦਾਸ ਜੀ 'ਗੁਰੂ ਕਾ ਚੱਕ' ਸਿਰਜਣ ਲਈ (ਗੁਰੂ) ਰਾਮਦਾਸ ਜੀ ਦੇ ਨਾਲ ਆਪ ਗਏ ਸਨ ਤੇ ਸਥਾਨ ਦੀ ਚੋਣ ਵੀ ਆਪ ਹੀ ਕਰਦੇ ਹਨ।

ਜਦੋਂ ਗੁਰੂ-ਗੱਦੀ ਦਾ ਛੱਤਰ 'ਰਾਮਦਾਸ' ਜੀ ਦੇ ਸਿਰ ਉਤੇ ਝੁਲਾ ਕੇ, ਗੁਰੂ-ਜੋਤਿ ਦਾ ਚੌਥਾ ਰੂਪ ਰਾਮਦਾਸ ਜੀ ਨੂੰ ਪ੍ਰਗਟ ਕਰ ਦਿੱਤਾ ਗਿਆ, ਤਾਂ ਗੁਰੂ ਰਾਮਦਾਸ ਜੀ ਨੇ 'ਗੋਇੰਦਵਾਲ' ਛੱਡ ਦਿੱਤਾ ਤੇ 'ਗੁਰੂ ਕਾ ਚੱਕ' ਹੀ ਗੁਰੂ-ਜੋਤਿ ਦੇ ਸਿੰਘਾਸਨ ਦਾ ਕੇਂਦਰੀ ਸਥਾਨ ਮਿਥ ਲਿਆ।

ਗੁਰੂ ਰਾਮਦਾਸ ਜੀ ਆਪਣੇ ਗੁਰੂ-ਜੀਵਨ-ਕਾਲ ਵਿਚ ਬਹੁਤਾ 'ਗੁਰੂ ਕਾ ਚੱਕ' ਹੀ ਰਹੇ। ਗੁਰੂ ਅਮਰਦਾਸ ਜੀ ਨੇ 'ਲਾਹੌਰ' ਸ਼ਹਿਰ ਦੇ ਜ਼ਹਿਰ ਤੇ ਕਹਿਰ ਰੂਪ ਦੀ ਨਿਰਾਰਥਿਕਤਾ ਨੂੰ ਪ੍ਰਗਟਾ ਕੇ ਅਧਿਆਤਮਕ ਸੱਤਾ ਉਤੇ ਅੰਮ੍ਰਿਤਸਰ ਸਿਰਜਣ ਦੀ ਸਾਰਥਿਕਤਾ ਨੂੰ ਕਲਪਿਆ ਸੀ, ਤਾਂ ਕਿ 'ਭਾਰਤ-ਵਾਸੀ' ਜ਼ਹਿਰ ਭਰੀ ਜ਼ਿੰਦਗੀ ਤੋਂ ਸੁਤੰਤਰ ਹੋ ਕੇ, ਪਿਆਰ ਤੇ ਅੰਮ੍ਰਿਤ ਨਾਲ ਭਰੀ ਜ਼ਿੰਦਗੀ ਜੀਉ ਸਕਣ, ਤੇ ਹਾਕਮੀ-ਕਹਿਰ ਤੋਂ ਬਚ ਕੇ ਸਵੈ-ਮਾਣ ਵਾਲੀ ਜ਼ਿੰਦਗੀ ਜੀਉ ਸਕਣ। ਗੁਰੂ ਰਾਮਦਾਸ ਜੀ ਦੀ ਮਾਨਸਿਕ ਤੀਬਰਤਾ ਵੀ ਇਹੀ ਸੀ, ਕਿ 'ਗੁਰੂ ਕੇ ਚੱਕ' ਨੂੰ ਅਜਿਹਾ ਰੂਪ ਦਿੱਤਾ ਜਾਵੇ, ਜਿਥੋਂ ਪਿਆਰ, ਅੰਮ੍ਰਿਤ ਤੇ ਸਵੈ-ਮਾਣ ਵਾਲੀ ਜ਼ਿੰਦਗੀ ਦਾ ਪ੍ਰਕਾਸ਼ ਹੋ ਸਕੇ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਮਰਦਾਸ ਜੀ ਤੱਕ, ਤਿੰਨਾਂ ਸਤਿਗੁਰਾਂ ਦਾ ਜੀਵਨ-ਅਨੁਭਵ ਤੇ ਮਾਰਗ-ਦਰਸ਼ਨ ਵੀ ਉਹਨਾਂ ਦੇ ਸਨਮੁਖ ਸੀ, ਪਿਆਰ, ਅੰਮ੍ਰਿਤ ਤੇ ਸਵੈ-ਮਾਣ ਨਾਲ ਭਰੀ ਭਾਵਨਾ ਤੇ ਦ੍ਰਿਸ਼ਟੀ ਵੀ, 'ਬਾਣੀ' ਦੇ ਰੂਪ ਵਿਚ ਉਹਨਾਂ ਕੋਲ ਸੀ। ਉਹਨਾਂ ਦੇ ਆਪਣੇ ਗੁਰੂ-ਜੀਵਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਿਤ ਹੋਈ ਬਾਣੀ ਤੋਂ ਵੀ ਸਪੱਸ਼ਟ ਤੇ ਪਰਤੱਖ ਹੁੰਦਾ ਹੈ ਕਿ ਉਹਨਾਂ ਨੂੰ ਪਿਆਰ, ਅੰਮ੍ਰਿਤ ਤੇ ਸਵੈ-ਮਾਣ ਨਾਲ ਭਰੇ ਜੀਵਨ, ਅਨੁਭਵ, ਦ੍ਰਿਸ਼ਟੀਕੋਣ ਤੇ ਦਰਸ਼ਨ ਨਾਲ ਬੜਾ ਸਨੇਹ ਸੀ। ਇਹੀ ਕਾਰਨ ਹੈ ਕਿ ਗੁਰੂ ਰਾਮਦਾਸ ਜੀ ਨੇ ਆਪਣੇ ਅਧਿਆਤਮਕ ਆਗੂ ਗੁਰੂ ਅਮਰਦਾਸ ਜੀ ਦੀ ਕਲਪਣਾ ਨੂੰ ਸਾਕਾਰ ਕਰਨ ਹਿੱਤ 'ਗੁਰੂ ਕੇ ਚੱਕ' ਨੂੰ ਅੰਮ੍ਰਿਤਸਰ ਦੇ ਰੂਪ ਵਿਚ ਸਿਰਜਣਾ ਦੇਣੀ ਪ੍ਰਾਰੰਭ ਕਰ ਦਿੱਤੀ।

ਗੁਰੂ ਰਾਮਦਾਸ ਜੀ ਸਮੇਂ ਦੇ ਸੱਚੇ ਪਾਤਸ਼ਾਹ ਵੀ ਸਨ ਤੇ 'ਗੁਰੂ ਕਾ ਚੱਕ' ਸਿਰਜਣ ਦੇ ਬਾਨੀ ਵੀ ਸਨ। ਸ਼ਾਇਦ ਇਸੇ ਕਰਕੇ ਹੀ, ਗੁਰੂ ਰਾਮਦਾਸ ਜੀ ਦੇ ਨਾਮ ਉਤੇ 'ਗੁਰੂ ਕੇ ਚੱਕ' ਨੂੰ ਸਿੱਖਾਂ 'ਰਾਮਦਾਸਪੁਰਾ' ਵੀ ਕਹਿਣਾ ਸ਼ੁਰੂ ਕਰ ਦਿੱਤਾ। ਜਾਪਦਾ ਇਹ ਹੈ ਕਿ ਗੁਰੂ ਰਾਮਦਾਸ ਜੀ ਦੀ ਮਹਿਮਾ ਤੇ ਕੀਰਤੀ ਇੰਨੀ ਵੱਧ ਚੁਕੀ ਸੀ ਕਿ ਸਿੱਖ ਸੰਗਤਾਂ ਨੂੰ ਗੁਰੂ ਰਾਮਦਾਸ ਜੀ ਤੇ ਰਾਮਦਾਸਪੁਰ ਵਿਚ ਜੋਤਿ ਤੇ ਸਥਾਨ ਦਾ ਅੰਤਰ ਦਿਸਣੋਂ ਹਟ ਗਿਆ ਸੀ। ਇਹ ਇਤਿਹਾਸਕ ਸੱਚ ਹੈ ਕਿ ਸਿੱਖ ਧਰਮ ਤੇ ਸਿੱਖ ਸੰਗਤਾਂ ਵਿਚ, ਘੱਟੋ ਘੱਟ ਗੁਰੂ-ਜੋਤਿ ਦੇ ਪ੍ਰਕਾਸ਼ ਵੇਲੇ, ਜੋ ਪ੍ਰਭਾਵ, ਖਿੱਚ ਤੇ ਪ੍ਰੇਰਨਾ ਗੁਰੂ-ਸ਼ਖਸੀਅਤ ਦੀ ਸੀ, ਉਹ ਸਥਾਨਾਂ ਦੀ ਨਹੀਂ ਸੀ। ਚੂੰਕਿ ਰਾਮਦਾਸਪੁਰ ਵਿਚ 'ਗੁਰੂ-ਸ਼ਖਸੀਅਤ' ਬਿਰਾਜਮਾਨ ਵੀ ਸੀ ਤੇ ਗਿਆਨ-ਪ੍ਰਕਾਸ਼ ਨੂੰ ਮੂਰਤੀਮਾਨ ਵੀ ਕਰ ਰਹੀ ਸੀ, ਇਸ ਕਰਕੇ ਸਥਾਨ ਦੀ ਮਹੱਤਤਾ 'ਗੁਰੂ-ਸ਼ਖਸੀਅਤ' ਦੀ ਮਹੱਤਤਾ ਵਿਚ ਵੀ ਅਲੋਪ ਹੋਣੀ ਸ਼ੁਰੂ ਹੋ ਗਈ। ਇਸੇ ਕਰਕੇ 'ਗੁਰੂ ਕੇ ਚੱਕ' ਨੂੰ 'ਰਾਮਦਾਸਪੁਰ' ਵੀ ਆਖਿਆ ਜਾਣ ਲਗ ਪਿਆ।

੧੫੭੩ ਈ: ਵਿਚ 'ਰਾਮਦਾਸਪੁਰ' ਦੀ ਬਹੁ-ਪੱਖੀ ਉਸਾਰੀ ਬੜੀ ਤੇਜ਼ੀ ਨਾਲ ਸ਼ੁਰੂ ਕਰ ਦਿੱਤੀ ਗਈ। ਵੱਖੋ


www.AKJ.Org

ਵੱਖਰੇ ਕਿਰਤੀਆਂ ਤੇ ਵਪਾਰ-ਮੰਡਲੀਆਂ ਨੂੰ ਰਾਮਦਾਸਪੁਰ ਵਿਚ ਵਸਾਉਣ ਦੇ ਪ੍ਰਬੰਧ ਦਾ ਨਿਰਣਾ ਵੀ ਲੈ ਲਿਆ। ਖਾਸ ਕਰਕੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਮਰਦਾਸ ਜੀ ਤੱਕ 'ਗੁਰੂ-ਜੋਤਿ' ਦਾ ਪ੍ਰਭਾਵ ਤੇ ਪਰਤਾਪ ਇੰਨਾ ਵੱਧ ਚੁਕਾ ਸੀ ਕਿ ਜਿਥੇ ਵੀ 'ਗੁਰੂ-ਸ਼ਖਸੀਅਤ' ਬਿਰਾਜਮਾਨ ਹੁੰਦੀ, ਪੰਜਾਬ ਦੇ ਧਰਮੀ ਤੇ ਸ਼ਰਧਾਲੂ ਸਿੱਖ ਉਥੇ ਆ ਕੇ ਆਪਣਾ ਵਾਸਾ ਵੀ ਕਰ ਲੈਂਦੇ ਤੇ ਕਿਰਤ-ਕ੍ਰੰਮ ਵੀ ਆਰੰਭ ਕਰ ਦਿੰਦੇ। ਇਸੇ ਕਰਕੇ ੧੫੭੪ ਈ: ਵਿਚ ਜਦੋਂ ਰਾਮਦਾਸਪੁਰ ਵਿਚ ਗੁਰੂ ਰਾਮਦਾਸ ਜੀ ਪੱਕੇ ਤੌਰ ਤੇ ਬਿਰਾਜਮਾਨ ਹੋ ਗਏ, ਤਾਂ ਸਹਿਜੇ ਹੀ ਰਾਮਦਾਸਪੁਰ ਦੀ ਰੌਣਕ ਵਿਚ ਵਾਧਾ ਹੋ ਗਿਆ। ਗੁਰੂ-ਦਰਸ਼ਨ ਤੇ ਗੁਰੂ-ਸੇਵਾ ਦੀ ਭਾਵਨਾ ਦੂਰ ਦੂਰ ਤੋਂ ਸਿੱਖ ਨੂੰ ਰਾਮਦਾਸਪੁਰ ਵਿਚ ਪਹੁੰਚਣ ਲਈ ਖਿਚ ਪਾ ਰਹੀ ਸੀ। ਗੁਰੂ ਰਾਮਦਾਸ ਜੀ ਨੇ ਜਦੋਂ ਆਪ ਕਿਰਤੀਆਂ ਤੇ ਵਪਾਰੀਆਂ ਨੂੰ ਰਾਮਦਾਸਪੁਰ ਵਿਚ ਵਸਾਉਣ ਦੀ ਭਾਵਨਾ ਪ੍ਰਗਟਾਈ ਤਾਂ ਨਿਸਚੇ ਹੀ ਗੁਰੂ-ਹੁਕਮ ਦੇ ਆਸ਼ਕ ਸਿੱਖਾਂ ਨੇ ਰਾਮਦਾਸਪੁਰ ਦੀ ਉਸਾਰੀ ਵਿਚ ਆਪਣਾ ਯੋਗਦਾਨ ਪਾਉਣ ਲਈ, ਆਪਣੀ 'ਕਿਰਤ ਦੇ ਕੇਂਦਰ' ਇਥੇ ਹੀ ਸਥਾਪਿਤ ਕਰ ਲਏ। ਇਤਿਹਾਸਕ ਸੱਚ ਹੈ ਕਿ ਗੁਰੂ ਰਾਮਦਾਸ ਜੀ ਵੇਲੇ ਰਾਮਦਾਸਪੁਰ ਵਿਚ ੫੨ ਤਰ੍ਹਾਂ ਦੇ ਕਿੱਤੇ ਪ੍ਰਾਰੰਭ ਹੋ ਚੁਕੇ ਸਨ। ਜਿਥੇ ਕਿਰਤੀਆਂ ਤੇ ਵਪਾਰੀਆਂ ਨੇ ਰਾਮਦਾਸਪੁਰ ਦੀ ਅਜੋਕੀ ਬਣਤਰ ਨੂੰ ਸਾਕਾਰ ਕਰਨ ਵਿਚ ਬਹੁਤ ਸਾਰਾ ਆਰਥਿਕ ਸਹਿਯੋਗ ਦਿੱਤਾ, ਉਥੇ ਇਨ੍ਹਾਂ ਕਿਰਤੀਆਂ ਤੇ ਵਪਾਰੀਆਂ ਨੇ ਗੁਰੂ-ਛੋਹ ਤੇ ਬਾਣੀ-ਗਿਆਨ ਦਾ ਭਰਪੂਰ ਰਸ ਵੀ ਮਾਣਿਆ। ਗੁਰੂ ਰਾਮਦਾਸ ਜੀ ਦੀ ਮਾਨਸਿਕ ਇੱਛਾ ਸੀ ਕਿ ਰਾਮਦਾਸਪੁਰ ਨੂੰ ਪੰਜਾਬ ਦਾ ਕੇਂਦਰ ਬਣਾ ਦਿੱਤਾ ਜਾਵੇ। ਇਸੇ ਕਰਕੇ ਉਹਨਾਂ ਨੇ ਰਾਮਦਾਸਪੁਰ ਦੀ ਸਿਰਜਣਾ ਵਲ ਵੀ ਉਚੇਚਾ ਧਿਆਨ ਦਿੱਤਾ ਤੇ ਸ਼ਬਦ ਸਰੋਵਰ ਦੇ ਅੰਮ੍ਰਿਤ ਨੂੰ ਵੰਡਣ ਵਾਸਤੇ ਵੀ ਬੜੇ ਉਪਯੋਗੀ ਪ੍ਰਬੰਧ ਕੀਤੇ। ਰਾਮਦਾਸਪੁਰ ਵਿਚ ਆਉਂਦਿਆਂ ਧਰਮ ਤੇ ਸਿੱਖੀ-ਅਭਿਆਸ ਦੀਆਂ ਭੁਖੀਆਂ ਆਤਮਾਵਾਂ ਦੀ ਦਰਸ਼ਨ ਇਸ਼ਨਾਨ ਦੀ ਤ੍ਰਿਪਤੀ ਲਈ ਗੁਰੂ ਰਾਮਦਾਸ ਪਾਤਸ਼ਾਹ ਨੇ ੧੫੭੩ ਈ: ਵਿਚ 'ਸਰੋਵਰ' ਦੀ ਖੁਦਵਾਈ ਵੀ ਸ਼ੁਰੂ ਕਰ ਦਿਤੀ।

ਇਹ ਇਤਿਹਾਸਕ ਤੱਥ ਹੈ ਕਿ ਰਾਮਦਾਸ ਜੀ ਜਦੋਂ 'ਗੁਰੂ-ਸਿੰਘਾਸਨ' ਉਤੇ ਬੈਠੇ ਤਾਂ ਉਹਨਾਂ ਨੇ ਗੋਇੰਦਵਾਲ ਨੂੰ ਪੂਰੀ ਤਰ੍ਹਾਂ ਛੱਡ ਦਿੱਤਾ ਤੇ ਰਾਮਦਾਸ ਸਰ ਵਿਚ ਹੀ ਆਪਣੀ ਜੋਤਿ ਨੂੰ ਸੰਸਾਰਕ ਤੇ ਆਤਮਕ ਦੋਹਾਂ ਪੱਧਰਾਂ ਉਤੇ ਪੂਰੀ ਤਰ੍ਹਾਂ ਟਿਕਾ ਲਿਆ। ਗੁਰੂ-ਜੋਤਿ ਦੇ ਸਦੀਵੀ ਰੂਪ ਵਿਚ ਇਥੇ ਟਿਕ ਜਾਣ ਨਾਲ ਜਿਥੇ ਸਿੱਖ ਸੰਗਤਾਂ ਦੀ ਆਵਾਜਾਈ ਵਿਚ ਬੜਾ ਵਾਧਾ ਹੋਇਆ, ਉਥੇ 'ਸਰੋਵਰ' ਦੀ ਪੂਰਨਤਾ ਵਲ ਵੀ ਉਚੇਚਾ ਧਿਆਨ ਦਿੱਤਾ ਗਿਆ। ੧੫੭੭ ਈ: ਤੱਕ ਇਸ 'ਸਰੋਵਰ' ਦਾ ਕਾਫ਼ੀ ਹਿੱਸਾ ਸਿਰਜਿਆ ਜਾ ਚੁਕਿਆ ਸੀ। ਇਕ ਪਾਸੇ ਗੁਰੂ-ਜੋਤਿ ਰਾਹੀਂ ਮੂਰਤੀਮਾਨ ਹੋ ਰਹੇ ਬਾਣੀ-ਅੰਮ੍ਰਿਤ ਦਾ ਪ੍ਰਭਾਵ ਤੇ ਪਰਤਾਪ ਵਧ ਰਿਹਾ ਹੈ ਤੇ ਦੂਸਰੇ ਪਾਸੇ ਅੰਮ੍ਰਿਤ-ਜਲ ਨਾਲ ਭਰੇ 'ਸਰ-ਸਰੋਵਰ' ਦੀ ਧਾਰਮਿਕ ਤੇ ਸੁਰਜਾਤਮਿਕ ਮਹਿਮਾ ਵਿਚ ਵੀ ਵਾਧਾ ਹੋਣ ਲੱਗ ਪਿਆ।

ਗੁਰੂ ਰਾਮਦਾਸ ਜੀ ਦੀ 'ਜੋਤਿ' ਦੇ ਪ੍ਰਕਾਸ਼ ਤੇ ਪਰਤਾਪ ਕਾਰਨ ਜਿਵੇਂ 'ਗੁਰੂ ਕੇ ਚੱਕ' ਦਾ ਨਾਮ ਰਾਮਦਾਸਪੁਰ ਪ੍ਰਚੱਲਤ ਹੋ ਗਿਆ, ਇਸੇ ਤਰ੍ਹਾਂ 'ਅੰਮ੍ਰਿਤ-ਸਰੋਵਰ' ਦੀ ਪ੍ਰਸਿੱਧੀ ਤੇ ਵੱਧ ਰਹੀ ਕੀਰਤੀ ਕਾਰਨ ਸਿੱਖਾਂ ਨੇ ਰਾਮਦਾਸਪੁਰ ਨੂੰ ਅੰਮ੍ਰਿਤਸਰ ਕਹਿਣਾ ਵੀ ਸ਼ੁਰੂ ਕਰ ਦਿੱਤਾ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਆਖਦੇ ਹਨ, ਕਿ ਅੰਮ੍ਰਿਤਸਰ ਦਾ ਅਰਥ ਹੈ, 'ਅੰਮ੍ਰਿਤ ਦਾ ਤਲਾ' ਅਰਥਾਤ 'ਗਿਆਨ-ਤੀਰਥ'। ਅੰਮ੍ਰਿਤਸਰ ਦੀ ਸਥਾਪਨਾ, ਪ੍ਰਸਿੱਧੀ ਤੇ ਵੱਡ-ਪ੍ਰਾਪਤੀ ਕਾਰਨ ਹੀ ਰਾਮਦਾਸਪੁਰ ਸ਼ਹਿਰ ਦਾ ਨਾਮ ਵੀ ਅੰਮ੍ਰਿਤਸਰ ਹੀ ਪ੍ਰਚਲਤ ਹੋ ਗਿਆ। ਭਾਈ ਗੁਰਦਾਸ ਜੀ ਜਦੋਂ ਸਾਖੀ ਭਰਦੇ ਹਨ ਕਿ ਪੂਰਨ ਤਾਲ ਦੀ ਖੁਦਵਾਈ ਵੇਲੇ 'ਗੁਰੂ-ਜੋਤਿ' ਅੰਮ੍ਰਿਤਸਰ ਵਿਚ ਹੀ ਜੱਗ ਰਹੀ ਸੀ:— ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ ॥੪੭॥ (ਵਾਰ ੧, ਭਾਈ ਗੁਰਦਾਸ)

ਤਾਂ ਇਸ ਦਾ ਇਕ ਭਾਵ ਇਹ ਵੀ ਹੈ ਕਿ ਗੁਰੂ ਰਾਮਦਾਸ ਜੀ ਵੇਲੇ ਹੀ ਸ਼ਹਿਰ ਦਾ ਨਾਮ ਅੰਮ੍ਰਿਤਸਰ ਪ੍ਰਚੱਲਤ ਹੋ ਗਿਆ ਸੀ। ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਦੇ ਵਿਚਕਾਰ 'ਹਰਿਮੰਦਰ' (ਹਰਿ ਦਾ ਘਰ) ਸਿਰਜ ਕੇ, ਫਿਰ ਇਸ ਹਰਿਮੰਦਰ ਦੇ ਵਿਚਕਾਰ 'ਪੋਥੀ-ਪ੍ਰਮੇਸ਼ਰ' ਦੇ ਗਿਆਨ ਦਾ ਪ੍ਰਕਾਸ਼ ਕਰ ਕੇ ਨਿਸਚੇ ਹੀ ਅੰਮ੍ਰਿਤਸਰ ਦੀ ਮਹਿਮਾ ਤੇ ਮਹਾਨਤਾ ਨੂੰ ਸਦੀਵੀ ਰੂਪ ਵਿਚ ਉਜਾਗਰ ਕਰ ਦਿੱਤਾ।


www.AKJ.Org

# ਸ੍ਰੀ ਹਰਿਕ੍ਰਿਸ਼ਨ ਧਿਆਈਐ

[ਸ: ਅਤਰ ਸਿੰਘ 'ਨੀਰ' 62-ਸੈਨਿਕ ਵਿਹਾਰ, ਦਿਲੀ-34]

ਗੁਰੂ ਹਰਿਕ੍ਰਿਸ਼ਨ ਜੀ ਸੋਹਣੇ ਸਾਈਂ ਰਹਿਮਤ ਕਰ ਕੇ ਭਾਰੀ।
ਬਾਲੀ ਉਮਰਾ ਵਿਚ ਸਿੱਖੀ ਦੀ ਐਦਾਂ ਪੈਂਦ ਸਵਾਰੀ।
ਦੋਖੀ ਦਿਲ ਪਰ ਰਹਿ ਨ ਸਕਦੇ, ਸੁਣ ਨ ਸਕਦੇ ਸੋਭਾ।
ਕਦਮ ਕਦਮ ਤੇ ਖਾਈਆਂ ਪੁਟ ਕੇ, ਕਰਦੇ ਜਾਵਨ ਖੋਭਾ।
ਪਰ ਨ ਰੁਕਣ ਕਿਸੇ ਦੇ ਕੋਲੋਂ ਧਰਮ-ਸਾਗਰ ਦੀਆਂ ਛਲਾਂ।
ਜਿਨ੍ਹਾਂ ਦੇ ਅੰਦਰ ਦਰਦ ਦੁਖੀ ਦੀ, ਕਮਜ਼ੋਰਾਂ ਦੀ ਸਲਾਂ।
ਦੇਣ ਸੁਖਾਵੀਂ ਮਿਠੀ ਜ਼ਿੰਦਗੀ, ਦੇਣ ਠਰ੍ਹੰਮਾ ਭਾਰੀ।
ਆਈ ਜੋਤ ਨਿਰੰਜਨੀ ਅਠਵੀਂ, ਬਾਲ ਗੁਰੂ ਬਲਕਾਰੀ।
ਜਿਨ੍ਹਾਂ ਤੇ ਕੀਤੀ ਨਜ਼ਰ ਸਵੱਲੀ, ਸੂਰਜ ਵਾਂਗੂ ਚਮਕੇ।
ਸੜਿਆ ਪਿਆ ਮਨੂਰ ਕਦੇ ਦਾ, ਕੁੰਦਨ ਬਣ ਕੇ ਦਮਕੇ।
ਅਸ਼ਟਮ ਬਲਬੀਰਾ ਗਹਿਰ ਗੰਭੀਰਾ, ਮੁਕਤ ਭੁਗਤ ਦਾ ਦਾਤਾ।
ਠੰਡੇ ਚੰਨ ਤੋਂ ਚਿਟਾ ਚਿਟਾ, ਪੂਰਨ ਪੁਰਖ ਬਿਧਾਤਾ।
ਪੰਜ ਸਾਲ ਦੀ ਉਮਰ ਅੰਦਰ, ਗੁਰ ਗੱਦੀ ਤੇ ਬਿਰਾਜੇ।
ਤੇਜ ਪਰਤਾਪ ਨਿੱਡਰਤਾ ਤਕ ਕੇ, ਸੀਸ ਝੁਕਾਂਦੇ ਰਾਜੇ।
ਦੀਨ ਦੁਖੀ ਨੂੰ ਦੇਣ ਸਹਾਰਾ, ਕਟੇ ਰੋਗ ਅਨੇਕਾਂ।
ਆਤਮਕ ਰੰਗ ਦੀ ਰਹਿਮਤ ਪਾ ਕੇ, ਗਾਂਦੇ ਲੋਕ ਅਨੇਕਾਂ।
ਬ੍ਰਹਮ ਗਿਆਨੀ ਮੁਕਤ ਹਉਮੈ ਤੋਂ, ਕਦਮ ਕਦਮ ਮੁਸਕਾਏ।
ਸ੍ਰੀ ਹਰਿ ਕ੍ਰਿਸ਼ਨ ਧਿਆਈਐ, ਜਿਸ ਡਿਠੇ ਸਭਿ ਦੁਖ ਜਾਏ।
ਲਾਲ ਚੰਦ ਹੰਕਾਰੀ ਪੰਡਤ, ਗਿਆਨਵਾਨ ਅਗਿਆਨੀ।
ਪਾਵਣ ਦੇ ਲਈ ਅੰਤ ਗੁਰਾਂ ਦਾ, ਆਇਆ ਬਣ ਤੁਗਿਆਨੀ।
ਪਰ ਜਦ ਗੁੰਗੇ ਛੱਜੂ ਝੀਵਰ, ਗੀਤਾ-ਗਿਆਨ ਸੁਣਾਇਆ।
ਰੇਤ ਦੇ ਉਚੇ ਟਿਬੇ ਵਾਂਗੂ, ਕਿਰਦਾ ਕਿਰਦਾ ਆਇਆ।
ਚਰਨਾਂ ਉਤੇ ਢਹਿ ਢਹਿ ਕੇ ਤੇ ਮੁੜ ਮੁੜ ਕੇ ਪਿਆ ਗਾਵੇ:
ਤੇਰੀ ਮਹਿਮਾ ਤੂਹੇਂ ਜਾਣੇ, ਲਖਿਓਂ ਲਖੀ ਨ ਜਾਵੇ।
ਮੇਰੀ ਅਕਲ ਨਗੂਣੀ ਸਤਿਗੁਰ, ਗੁਣ ਨਹੀਂ ਜਾਤੇ ਤੇਰੇ।
ਹਉਮੈ ਦੇ ਹਨੇਰੇ ਅੰਦਰ, ਕਟਦਾ ਰਿਹਾ ਮੈਂ ਗੇੜੇ।
ਫਸ ਕੇ ਭਰਮ-ਭੁਲੇਖਿਆਂ ਅੰਦਰ, ਭੇਦ ਨਹੀਂ ਸੀ ਪਾਇਆ।
ਸਖਣਾ ਰਿਹਾ ਸੰਖ ਦੇ ਵਾਂਗੂ, ਐਵੇਂ ਜਨਮ ਗਵਾਇਆ।
ਰਖ ਲੈ, ਚਰਨ ਸ਼ਰਨ ਵਿਚ ਰਖ ਲੈ, ਰਖ ਲੈ ਮੈਨੂੰ ਸਾਈਆਂ।
ਗੁਰੂ ਘਰ ਦੀਆਂ ਜਾਣ ਨ ਸਕਿਆ, ਮੈਂ ਮੂਰਖ ਵਡਿਆਈਆਂ।
ਕਰ ਕੇ ਬਖਸ਼ਸ਼ ਚਰਨੀ ਲਾਵੇਂ, ਕਟ ਦਿਉ ਭਰਮ-ਭੁਲੇਖੇ।
ਬਖ਼ਸ਼ੋ ਕੀਟ ਨੂੰ ਸ਼ਕਤੀ ਐਸੀ, ਦਰਸ ਤੇਰਾ ਨਿਤ ਵੇਖੇ।
ਲੂੰ ਲੂੰ ਅੰਦਰੋਂ 'ਨੀਰ' ਸਦਾ ਹੁਣ, ਵਾਜ ਪਈ ਇਹ ਆਏ।
'ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖ ਜਾਏ'।



www.AKJ.Org

# ਮੌਤ ਰਾਣੀ ਤੇ ਸਿੰਘ ਦਾ ਬੱਚਾ

[ਪ੍ਰਿੰਸੀਪਲ ਸੱਜਣ ਸਿੰਘ ਜੀ, 618/6, ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿਲੀ 19]

ਮੌਤ ਰਾਣੀ ਦੇ ਰਾਜ ਦੀ, ਇਕ ਅਜਬ ਕਹਾਣੀ।
ਸੰਤ ਜਨਾਂ ਦੀ ਦਿੱਬ ਦ੍ਰਿਸ਼ਟੀ ਨੇ ਇਉਂ ਵਖਾਣੀ।
ਮੌਤ ਭਿਆਨਕ ਨਾਗਣੀ, ਇਹ ਜਿਸ ਨੂੰ ਡੰਗੇ।
ਸੁੱਸਰੀ ਵਾਂਗਰ ਸੌਂ ਜਾਏ, ਨਾ ਪਾਣੀ ਮੰਗੇ।
ਕੋਈ ਸੱਪਣੀ, ਕੋਈ ਆਖਦਾ ਜਮਰਾਜ ਦੀ ਧੀ।
ਇਕੋ ਤੱਕਣੀ ਨਾਲ ਹੀ ਸਾਹ ਲੈਂਦੀ ਪੀ।
ਬੁਜ਼ਦਿਲ ਹੋਣ ਜਾਂ ਸੂਰਮੇ ਜਾਂ ਛੋਟੇ ਵੱਡੇ।
ਰੱਤ-ਪੀਣੀ ਕੁੱਲ-ਘਾਤਣੀ ਨੇ ਕੋਇ ਨ ਛੱਡੇ।
ਇਹ ਨਹੀਂ ਕਿਸੇ ਨੂੰ ਬਖ਼ਸ਼ਦੀ ਇਹਦੇ ਹੱਥ ਲੰਬੇ।
(ਹਰ) ਨਾਢੂ ਖਾਂ ਸੰਸਾਰ ਦਾ ਪਿਆ ਥਰ ਥਰ ਕੰਬੇ।

ਪੀਲੀ ਵਾਂਗ ਵਿਸਾਰ ਦੇ, ਮੁਖਿ ਜ਼ਰਦੀ ਛਾਈ।
ਇਕ ਦਿਨ ਸਾਹਵੇਂ ਧਰਮਰਾਜ ਘਬਰਾਈ ਆਈ।
ਪੀੜਾ ਦਿਲ ਦੀ ਆਪਣੀ, ਉਹ ਸਹਿ ਨ ਸੱਕੇ।
ਕੰਨੀ ਡੂੰਘੀ ਵੇਦਨਾ, ਉਹ ਕਹਿ ਨ ਸੱਕੇ।
ਆਪਣਾ ਆਪ ਸੰਭਾਲ ਕੇ, ਹੱਥ ਜੋੜ ਖਲੋਈ।
ਇਸ ਸੋਹਣੇ ਦਰਬਾਰ ਵਿਚ, ਮੈਂ ਜੀਊਂਦੀ ਮੋਈ।
ਬਾਕੀ ਬੰਦੇ ਹੋ ਗਏ ਜੋ ਮੈਥੋਂ ਆਕੀ।
ਇੱਜ਼ਤ ਮੇਰੀ ਮਿਟ ਗਈ, ਕੀ ਰਹਿ ਗਿਆ ਬਾਕੀ ?

ਧਰਮ ਰਾਜ ਗੱਲ ਟੋਕ ਕੇ, ਕਹਿੰਦਾ ਕੀ ਹੋਇਆ ?
ਕਿਹਦਾ ਤੈਨੂੰ ਹੌਲ ਹੈ ਪੌਂਦਾ, ਕੀ ਹੋਇਆ ?
ਕੌਣ ਤੇਰੇ ਫ਼ੁਰਮਾਨ ਨੂੰ ਹੈ ਮੋੜਨ ਵਾਲਾ ?
ਕੌਣ ਤੇਰੇ ਅਰਮਾਨ ਨੂੰ ਹੈ ਤੋੜਨ ਵਾਲਾ ?
ਹਰ ਇਕ ਜੀਵ ਦੀ ਜਾਨ ਹੈ, ਤਿਰੀ ਮੁੱਠੀ ਅੰਦਰ।
ਰੰਕ ਅਤੇ ਸੁਲਤਾਨ ਹੈ, ਤਿਰੀ ਮੁੱਠੀ ਅੰਦਰ।
ਕੋ ਟੱਕਰ ਲਏ ਇਨਸਾਨ ? ਮੇਰਾ ਦਿਲ ਨਹੀਂ ਮੰਨਦਾ।
ਤੂੰ ਰਾਣੀ ਬਲਵਾਨ, ਮੇਰਾ ਦਿਲ ਨਹੀਂ ਮੰਨਦਾ।
ਫ਼ਿਰ ਵੀ ਗੁੱਝਾ ਆਪਣਾ ਕੋਈ ਰਾਜ਼ ਸੁਣਾ ਦੇ।
ਇਸ ਟੁੱਟੇ ਹੋਏ ਸਾਜ਼ ਦੀ ਆਵਾਜ਼ ਸੁਣਾ ਦੇ।
ਮੌਤ ਨਿਮਾਣੀ ਜੀਭ ਨੂੰ ਹੁਣ ਖੋਲ੍ਹਣ ਲੱਗੀ।
ਰਾਮ-ਕਹਾਣੀ ਆਪਣੀ ਇਉਂ ਬੋਲਣ ਲੱਗੀ।

ਜਿਸ ਇਨਸਾਨ ਦੀ ਗੱਲ ਕਰਾਂ, ਉਹ ਸਿੰਘ ਦਾ ਬੱਚਾ।
ਜਿਸ ਦਾ ਪਾਣੀ ਮੈਂ ਭਰਾਂ, ਉਹ ਸਿੰਘ ਦਾ ਬੱਚਾ।
ਜਿਸ ਦੇ ਨਾਂ ਤੋਂ ਮੈਂ ਡਰਾਂ, ਉਹ ਸਿੰਘ ਦਾ ਬੱਚਾ।
ਮੌਤ ਹੁੰਦਿਆਂ ਮੈਂ ਮਰਾਂ, ਉਹ ਸਿੰਘ ਦਾ ਬੱਚਾ।
ਡਾਇਣ ਬਣ ਕੇ ਜੱਗ ਦੇ ਮੈਂ ਸੀਰਵੇਂ ਪੀਵਾਂ।
ਵਾਂਗ ਕਸਾਈ ਕੋਹਿ ਕੋਹਿ ਮੈਂ ਠੰਢੀ ਥੀਵਾਂ।
ਮੇਰੇ ਭੈ ਦਾ ਦਬਦਬਾ ਹਰ ਕੋਈ ਮੰਨੇ।
ਜੱਗ ਨੂੰ ਚੂਸਾਂ ਇਸ ਤਰ੍ਹਾਂ ਜਿਉਂ ਚੂਪਾਂ ਗੰਨੇ।
ਪਰ ਇਸ ਸਿੰਘ ਦੇ ਸਾਮ੍ਹਣੇ ਮੇਰੀ ਪੇਸ਼ ਨ ਜਾਵੇ।
ਏਨਾ ਲੱਗਦਾ ਖ਼ੌਫ ਕਿਉਂ ? ਮੈਨੂੰ ਸਮਝ ਨ ਆਵੇ।
ਮੇਰੀ ਸੂਰਤ ਦੇਖ ਕੇ, ਕੋਈ ਖਿੜ ਖਿੜ ਹੱਸੇ।
ਚੋਭਾਂ ਤਿੱਖੀਆਂ ਮਾਰ ਕੇ ਮੇਰਾ ਹਿਰਦਾ ਡੱਸੇ।
ਦਿਲ ਨੂੰ ਛਲਣੀ ਕਰ ਦਵੇ, ਉਹਦੇ ਅੱਖ ਦੀ ਘੂਰੀ।
ਸ਼ਕਤੀ ਮੇਰੀ ਉੱਡ ਗਈ, ਰਹਿ ਗਈ ਮਜਬੂਰੀ।
ਜਾਨ ਲੈਣ ਜਦ ਜਾਵਾਂ, ਰਹਿ ਜਾਂ ਹੱਕੀ ਬੱਕੀ।
ਜਾਨ ਤਾਂ ਪਹਿਲਾਂ ਆਪਣੀ ਇਸ ਤਲੀ ਤੇ ਰੱਖੀ।
ਕਹਿੰਦਾ ਇਸ ਤੋਂ ਵੱਧ ਤੇਰੇ ਹੁਣ ਨਾਹੀਂ ਪੱਲੇ।
ਸਾਡੇ ਅੱਗੇ ਵੱਸ ਤੇਰਾ ਹੁਣ ਨਾਹੀਂ ਚੱਲੇ।
ਮਿਹਣੇ ਤਾਨ੍ਹੇ ਲਾਨ੍ਹਤਾਂ ਦੀਆਂ ਪੈਂਦੀਆਂ ਮਾਰਾਂ।
ਮੈਨੂੰ ਮੁਜਰਮ ਸਮਝ ਕੇ ਪਾਵੇ ਫਿਟਕਾਰਾਂ।
ਕੋਈ ਲਾਵੇ ਤੁਹਮਤਾਂ, ਕੋਈ ਕੱਢੇ ਗਾਲ੍ਹੀ।
ਕਰਦੇ ਇਵੇਂ ਮਖ਼ੌਲ, ਜਿਉਂ ਮੈਂ ਹੁੰਦੀ ਸਾਲੀ।
ਕੋਈ ਆਖੇ ਰੂਪ-ਮਤੀ, ਕੋਈ ਆਖੇ ਲਾੜ੍ਹੀ।
ਮੌਤ ਵਿਆਹੁਣ ਵਾਸਤੇ, ਅਸਾਂ ਜੰਞ ਹੈ ਚਾੜ੍ਹੀ।
ਇਹ ਚਲੇ ਤੀਰ ਸਮਾਨ ਹੋ, ਰੁਕਣਾ ਨਹੀਂ ਆਉਂਦਾ।
ਇਹਨੂੰ ਵਾਂਗ ਕਮਾਨ ਹੋ, ਝੁਕਣਾ ਨਹੀਂ ਆਉਂਦਾ।
ਮੈਂ ਡਾਢੀ ਬਰਫ਼ ਕਠੋਰ, ਪਿਘਲ ਕੇ ਹੋਈ ਪਾਣੀ।
ਆਪ ਹੀ ਦੱਸੋ ਮੌਤ ਦੀ ਮੈਂ ਕਾਹਦੀ ਰਾਣੀ।
ਏਨੇ ਨੂੰ ਗੁਰਸਿਖ ਇਕ ਦਰਬਾਰ ਚਿ ਆਇਆ।
ਧਰਮਰਾਜ ਨੇ ਉੱਠ ਕੇ, ਇਹ ਬਚਨ ਸੁਣਾਇਆ :



www.AKJ.Org

ਭਵਨ ਪਵਿਤਰ ਹੋ ਗਏ, ਧੰਨ ਭਾਗ ਅਸਾਡੇ।
ਚਰਨ ਤੁਹਾਡੇ ਛੁਹ ਲਏ, ਧੰਨ ਭਾਗ ਅਸਾਡੇ।
ਏਨਾ ਕਹਿ ਕੇ ਮੌਤ ਨੂੰ, ਉਹ ਨਿਕਟ ਬੁਲਾਵੇ।
ਤਾੜ ਕੇ ਉਸ ਜਮਦੂਤਣੀ ਨੂੰ ਹੁਕਮ ਸੁਣਾਵੇ।
ਖ਼ਬਰਦਾਰ ? ਗੁਰਸਿੱਖ ਦੇ ਜੇ ਪਾਸ ਖਲੋਈ।
ਤੈਨੂੰ ਲੋਕ ਪਰਲੋਕ ਚਿ ਨਹੀਂ ਮਿਲਣੀ ਢੋਈ।
ਤੇਰਾ ਮੇਰਾ ਦੋਹਾਂ ਦਾ ਨਾ ਹੋਊ ਛੁਟਕਾਰਾ।
ਧੁਰ ਦਰਗਾਹੋਂ ਆ ਗਿਆ ਇਹ ਹੁਕਮ ਕਰਾਰਾ।
ਉਚਾ ਨੀਵਾਂ ਖ਼ਾਲਸੇ ਨੂੰ ਕਦੇ ਨ ਬੋਲੀਂ।
ਇਕੋ ਤੱਕੜੀ ਨਾਲ ਇਨ੍ਹਾਂ ਨੂੰ ਕਦੇ ਨ ਤੋਲੀਂ।
ਰਿਸ਼ਤਾ ਸਿੱਧਾ ਏਸ ਦਾ ਪਰਮੇਸ਼ਰ ਨਾਲ।
ਤਾਹੀਓਂ ਨਾਹੀਂ ਕਰ ਸਕੇ ਕੋਈ ਵਿੰਗਾ ਵਾਲ।
ਅਨਿਕ ਰੰਗਾਂ ਵਿਚ ਖੇਡੰਦਾ, ਇਹ ਸਿੰਘ ਬਹੁਰੰਗੀ।
ਕਦੇ ਚਰਨਾਂ ਦੀ ਧੂੜ ਹੋਇ, ਕਦੇ ਬਣੇ ਭੁਜੰਗੀ।

ਸੱਪ ਦਾ ਡੱਸਿਆ ਬਚ ਜਾਇ, ਇਹ ਹੋ ਭੀ ਸਕਦਾ।
ਇਸ ਦਾ ਡੱਸਿਆ ਬਚ ਜਾਇ, ਇਹ ਹੋ ਨਹੀਂ ਸਕਦਾ।
ਖੰਡੇ ਦਾ ਇਸ ਪੀ ਲਿਆ ਹੈ ਅੰਮ੍ਰਿਤ ਪਾਨ।
ਗੁਰੂ ਗੋਬਿੰਦ ਸਿੰਘ ਹਜ਼ੂਰ ਦੀ ਆਪਣੀ ਜਿੰਦ ਜਾਨ।
ਸ਼ਕਤੀ ਇਸ ਵਿਚ ਵਰਤਦੀ, ਅੰਮ੍ਰਿਤ ਦੇ ਸਦਕੇ।
ਭਗਤੀ ਇਸ ਵਿਚ ਵਰਤਦੀ, ਅੰਮ੍ਰਿਤ ਦੇ ਸਦਕੇ।
(ਡਰ) ਮੌਤ ਤੋਂ ਡਰਦਾ ਸਭ ਕੋਈ, ਡਰ ਕਿਸ ਤੋਂ ਡਰਦਾ ?
ਅੰਮ੍ਰਿਤ ਉਸ ਦਾ ਨਾਮ ਹੈ, ਡਰ ਜਿਸ ਤੋਂ ਡਰਦਾ।*
(ਇਹ) ਮਾਲਕ ਚੜ੍ਹਦੀ ਕਲਾ ਦੇ, ਢਹਿੰਦੇ ਨਹੀਂ ਦੇਖੇ।
ਹੱਥ ਉੱਤੇ ਹੱਥ ਰੱਖ ਕੇ, ਬਹਿੰਦੇ ਨਹੀਂ ਦੇਖੇ।
ਅੰਮ੍ਰਿਤ ਬਦਲੇ ਵੇਖਿਆ ਸਿਰ ਸਤਿਗੁਰ ਅੱਗੇ।
ਸੀਸ ਦੇਂਦਿਆਂ ਇਨ੍ਹਾਂ ਦਾ ਕਿਛ ਨਾਹੀਂ ਲੱਗੇ।
ਅੰਮ੍ਰਿਤ ਦਾ ਰਸ ਚੱਖ ਚੱਖ, ਮਸਤਾਨੇ ਬਣ ਗਏ।
ਜੋਤਿ ਅਕਾਲੀ ਤੱਕ ਤੱਕ ਪਰਵਾਨੇ ਬਣ ਗਏ।

* ਸਬਦਿ ਮਰੈ ਤਾ ਮਾਰਿ ਮਰੁ ਭਾਗੋ ਕਿਸੁ ਪਹਿ ਜਾਉ ॥ ਜਿਸ ਕੈ ਡਰਿ ਭੈ ਭਾਗੀਐ ਅੰਮ੍ਰਿਤੁ ਤਾ ਕੋ ਨਾਉ ॥੧॥੩॥ (੧੦੧੦)

# ਅੰਮ੍ਰਿਤਸਰ ਦੀ ਪ੍ਰਤਿਭਾ ਤੇ ਮਹਾਨਤਾ

[ਸ: ਕਿਰਪਾਲ ਸਿੰਘ ਜੀ, ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ, ਅੰਮ੍ਰਿਤਸਰ]

ਅੰਮ੍ਰਿਤਸਰ ਸ਼ਹਿਰ ਤੋਂ ਵੱਡੇ ਤੇ ਖ਼ੂਬਸੂਰਤ ਸ਼ਹਿਰ ਦੁਨੀਆ ਵਿਚ ਹੋਰ ਬਹੁਤ ਹਨ, ਪਰ ਅੰਮ੍ਰਿਤਸਰ ਦੀ ਤਰ੍ਹਾਂ ਕੋਈ ਵੀ ਭਗਤੀ ਤੇ ਸ਼ਕਤੀ ਦਾ ਪ੍ਰਤੀਕ ਤੇ ਕੇਂਦਰ ਨਹੀਂ ਬਣ ਸਕਿਆ। ਇਸ ਸ਼ਹਿਰ ਦਾ ਜੀਵਨ-ਇਤਿਹਾਸ ਮਨੁੱਖਤਾ ਦੇ ਮਹਾਨ ਆਦਰਸ਼ਾਂ ਦਾ ਇਤਿਹਾਸ ਹੈ। ਭਾਵੇਂ ਇਹ ਸ਼ਹਿਰ ਬਹੁਤ ਪੁਰਾਣਾ ਨਹੀਂ, ਪਰ ਇਸ ਦੀ ਪ੍ਰਤਿਭਾ ਤੇ ਮਹਾਨਤਾ ਵਾਸਤੇ ਸ਼ਰਧਾ ਵਾਲਿਆਂ ਨੇ ਇਸ ਸ਼ਹਿਰ ਵਿਚ ਲੱਗੀਆਂ ਇੱਟਾਂ ਨਾਲੋਂ ਵੱਧ ਆਪਣੇ ਸਿਰ ਦਿੱਤੇ ਹਨ।

ਇਸ ਦਾ ਇਤਿਹਾਸ ਬੜਾ ਗੌਰਵਮਈ ਤੇ ਕੁਰਬਾਨੀ ਦਾ ਇਤਿਹਾਸ ਹੈ। ਇਸ ਨੂੰ ਮਿਟਾਣ ਵਾਲੇ ਅਬਦਾਲੀਆਂ ਦਾ ਖੁਰਾ-ਖੋਜ ਲਭਣਾ ਅਸੰਭਵ ਹੈ। ਸਿੱਖ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤ ਸਰੋਵਰ ਸ੍ਰੀ ਹਰਿਮੰਦਰ ਸਾਹਿਬ ਨੂੰ ਤੇ ਅੰਮ੍ਰਿਤਸਰ ਸ਼ਹਿਰ ਨੂੰ ਬਣਾਇਆ-ਸਵਾਰਿਆ ਤੇ ਅੰਮ੍ਰਿਤਸਰ ਨੂੰ ਵਪਾਰ ਤੇ ਉਦਯੋਗ ਦਾ ਕੇਂਦਰ ਬਣਾ ਦਿੱਤਾ। ਅੰਮ੍ਰਿਤਸਰ ਦੇ ਖ਼ਮੀਰ ਵਿਚ ਉਪਜੀਆਂ ਆਜ਼ਾਦੀਆਂ ਨੇ ਸੁਤੰਤਰਤਾ ਸੰਗਰਾਮ ਵਿਚ ਸਾਰੇ ਦੇਸ਼ ਕੋਲੋਂ ਉੱਚਾ ਰੁਤਬਾ ਪ੍ਰਾਪਤ ਕੀਤਾ। ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਵਾਸਤੇ ਰਹਿੰਦੀ ਦੁਨੀਆ ਤਕ ਸ਼ਰਧਾ ਤੇ ਭਾਵਨਾ ਕਾਇਮ ਰਹੇਗੀ।

੧੯੮੪ ਤੋਂ ਅੱਜ ਤਕ ਅੰਮ੍ਰਿਤਸਰ ਤੇ ਸ੍ਰੀ ਦਰਬਾਰ ਸਾਹਿਬ ਹਾਦਸਿਆਂ ਦਾ ਸ਼ਿਕਾਰ ਬਣੇ ਹੋਏ ਹਨ। ਦਰਬਾਰ ਸਾਹਿਬ ਦੇ ਚੌਗਿਰਦੇ ਨੂੰ ਸੁੰਦਰ ਬਣਾਉਣ ਦੀਆਂ ਸਰਕਾਰੀ ਕਾਰਵਾਈਆਂ ਇਸ ਵੇਲੇ ਤਕ ਬਰਬਾਦੀਆਂ ਦਾ ਸੀਨ ਹੀ ਹਨ। ਸੁਣਦੇ ਹਾਂ ਕਿ ਦਿੱਲੀ ਵਿਚ ਸੁੰਦਰਤਾ ਦੀਆਂ ਸਕੀਮਾਂ ਤੇ ਵਿਚਾਰ ਹੋ ਰਿਹਾ ਹੈ। ਵਾਹਿਗੁਰੂ ਸਰਕਾਰ ਨੂੰ ਇਨ੍ਹਾਂ ਵਿਚਾਰਾਂ ਨੂੰ ਕਿਰਿਆਤਮਕ ਰੂਪ ਦੇਣ ਦਾ ਬਲ ਬਖਸ਼ੇ। —ਰੋਜ਼ਾਨਾ ਅਜੀਤ, ੧੦-੬-੯੯

**ਹੁਸ਼ਿਆਰਪੁਰ ਸਮਾਗਮ** ਸਮੇਂ ਇਕ ਹੈਂਡਬੈਗ ਵਿਚ ਤਿੰਨ ਜ਼ਨਾਨਾ ਸੂਟ ਰਹਿ ਗਏ ਸਨ। ਕਿਸੇ ਨੂੰ ਮਿਲੇ ਹੋਣ ਤਾਂ ਭਾਈ ਹਰਿੰਦਰਪਾਲ ਸਿੰਘ ਤੇਲ ਵਾਲਾ, ੪੨ ਦਸਮੇਸ਼ ਨਗਰ, ਗਲੀ ਨੰਬਰ ੨, ਲੁਧਿਆਣਾ ਨਾਲ ਸੰਪਰਕ ਕਰਨ।



www.AKJ.Org

# ਨਿਸ਼ਕਾਮ ਸੇਵਾ

[ਡਾਕਟਰ ਗੋਬਿੰਦ ਸਿੰਘ ਜੀ ਮਨਸੁਖਾਨੀ]

ਇਕ ਸ਼ਰਧਾਲੂ ਸਿਖ ਦੀ ਨਿਸ਼ਕਾਮ ਸੇਵਾ ਨੂੰ ਸਤਿਗੁਰਾਂ ਨੇ ਸਿੱਖੀ ਦੀ ਪਹਿਲੀ ਪਉੜੀ ਕਿਹਾ ਹੈ। ਧਨ ਜਾਂ ਕਿਸੇ ਫਲ ਦੀ ਲਾਲਸਾ ਰਹਿਤ ਸੇਵਾ ਕਰਨ ਵਾਲਾ ਹੀ ਸਹੀ ਅਰਥਾਂ ਵਿਚ ਸੇਵਕ ਹੈ–

ਸੇਵਾ ਕਰਤ ਹੋਇ ਨਿਹਕਾਮੀ ॥ ਤਿਸੁ ਕਉ ਹੋਤ ਪਰਾਪਤਿ ਸੁਆਮੀ ॥ (੨੮੬-੮੭)

ਸੇਵਾ ਰਾਹੀਂ ਹਿਰਦੇ ਵਿਚ ਨਿਮਰਤਾ ਆਉਂਦੀ ਹੈ ਤੇ ਸਹਿਜੇ ਸਹਿਜੇ ਹਉਮੈ ਦੂਰ ਹੁੰਦੀ ਜਾਂਦੀ ਹੈ। ਜਿਵੇਂ ਦੁੱਧ ਸਾਫ਼-ਸੁਥਰੇ ਭਾਂਡੇ ਵਿਚ ਹੀ ਠੀਕ ਰਹਿ ਸਕਦਾ ਹੈ, ਇਵੇਂ ਹੀ ਪ੍ਰਭੂ ਦਾ ਨਾਮ ਭੀ ਸੇਵਾ ਨਾਲ ਨਿਰਮਲ ਹੋਏ ਮਨ ਵਿਚ ਹੀ ਟਿਕ ਸਕਦਾ ਹੈ। ਸੱਚੇ ਸੇਵਕ ਦਾ ਸਤਿਗੁਰੂ ਤੇ ਪੂਰਨ ਭਰੋਸਾ ਹੁੰਦਾ ਹੈ ਅਤੇ ਉਹ ਆਪਾ-ਭਾਵ ਤਿਆਗ ਕੇ ਗੁਰੂ ਦੀ ਸਿਖਿਆ ਅਨੁਸਾਰ ਸੰਜਮੀ ਜੀਵਨ ਜੀਣ ਵਿਚ ਖੁਸ਼ੀ ਸਮਝਦਾ ਹੈ।

ਸੇਵਾ ਤਨ, ਮਨ ਤੇ ਧਨ ਕਰਕੇ ਕਿਸੇ ਤਰ੍ਹਾਂ ਵੀ ਕੀਤੀ ਜਾ ਸਕਦੀ ਹੈ। ਮੁਖ ਸੇਵਾ ਤਨ ਕਰਕੇ ਹੈ, ਜਿਵੇਂ ਗੁਰਦੁਆਰੇ ਜਾ ਕੇ ਜੋੜੇ ਝਾੜਨ, ਗੁਰਦੁਆਰੇ ਦੀ ਸਫ਼ਾਈ ਅਤੇ ਲੰਗਰ ਦੀ ਹਰ ਤਰ੍ਹਾਂ ਦੀ ਸੇਵਾ ਆਦਿ। ਗੁਰ-ਹੁਕਮਾਂ ਅਨੁਸਾਰ ਲੋੜਵੰਦ ਸਜਣਾਂ ਅਤੇ ਧਾਰਮਿਕ ਸੰਸਥਾਵਾਂ ਦੀ ਸੇਵਾ ਧਨ ਕਰਕੇ ਕੀਤੀ ਜਾ ਸਕਦੀ ਹੈ। ਗੁਰਬਾਣੀ ਪੜ੍ਹਨੀ-ਸੁਣਨੀ ਅਤੇ ਨਾਮ ਜਪਣਾ ਮਨ ਕਰਕੇ ਸੇਵਾ ਹੈ।

ਸਤਿਗੁਰੂ ਸਿਖ ਨੂੰ ਚਿਤਾਵਨੀ ਦੇਂਦੇ ਹਨ ਕਿ ਸਦਾ ਨਿਰਲੋਭ ਰਹਿ ਕੇ, ਕਿਸੇ ਫਲ ਦੀ ਆਸ ਰਖੇ ਬਿਨਾਂ, ਚਾਅ-ਮਲ੍ਹਾਰ ਨਾਲ ਸੇਵਾ ਕਰੋ। ਲੁਕਵੇਂ ਢੰਗ ਨਾਲ ਕਿਸੇ ਮੰਤਵ ਦੀ ਪੂਰਤੀ ਲਈ, ਜਾਂ ਨਿਜੀ ਪ੍ਰਸੰਸਾ ਲਈ, ਜਾਂ ਸਨਮਾਨ ਤੇ ਅਹੁਦੇ ਪ੍ਰਾਪਤ ਕਰਨ ਲਈ ਸੇਵਾ ਕਰਨੀ ਕਿਸੇ ਲੇਖੇ ਨਹੀਂ। ਇਸ ਤਰ੍ਹਾਂ ਦੀ ਸੇਵਾ ਨਾਲ ਹਉਮੈ ਖ਼ਤਮ ਹੋਣ ਦੀ ਥਾਂ ਸਗੋਂ ਵਧਦੀ ਹੈ। ਮਾੜੀ ਗੱਲ ਤਾਂ ਇਹ ਹੈ ਕਿ "ਸੇਵਾ ਥੋਰੀ ਮਾਂਗਨ ਬਹੁਤਾ" ਦੇ ਗੁਰਵਾਕ ਅਨੁਸਾਰ ਕੋਈ ਸਿਖ ਸੇਵਾ ਤਾਂ ਨਾਂ-ਮਾਤਰ ਕਰਦਾ ਹੈ, ਪਰ ਉਸ ਦਾ ਇਵਜ਼ਾਨਾ ਬਹੁਤ ਜ਼ਿਆਦਾ ਚਾਹੁੰਦਾ ਹੈ। ਸੱਚੇ ਸੇਵਕ ਨੂੰ ਅਜਿਹੀ ਸੌਦੇ-ਬਾਜ਼ੀ ਕਰਨੀ ਸੋਭਦੀ ਨਹੀਂ।

ਸਤਿਗੁਰਾਂ ਨੇ ਨਿਸ਼ਕਾਮ ਸੇਵਾ ਨੂੰ ਬੜੀ ਮਹਾਨਤਾ ਦਿਤੀ ਹੈ। ਹਰੇਕ ਪ੍ਰਾਣੀ ਸੇਵਾ ਰਾਹੀਂ ਆਤਮਿਕ ਅਨੰਦ, ਸੱਚਾ ਸਤਿਕਾਰ ਤੇ ਦੁਨਿਆਵੀ ਪਦਾਰਥ ਹਾਸਲ ਕਰ ਸਕਦਾ ਹੈ–

ਸੇਵਾ ਰਾਹੀਂ ਨਿਮਰਤਾ ਵਿਚ ਟਿਕ ਕੇ ਸਾਧ ਸੰਗਤ ਦੀ ਪ੍ਰਾਪਤੀ ਹੁੰਦੀ ਹੈ, ਜਿਸ ਕਰਕੇ ਆਤਮਿਕ ਉਨਤੀ ਵਿਚ ਵਾਧਾ ਹੁੰਦਾ ਹੈ। ਸਿਖ ਧਰਮ ਮੂਲ ਰੂਪ ਵਿਚ ਤਾਂ ਇਕ "ਸਾਧਨਾ" ਹੀ ਹੈ, ਜਾਂ ਇੰਜ ਕਹਿ ਲਓ ਕਿ ਸਿੱਖੀ ਕਮਾਉਣ ਦਾ ਇਹ ਮਾਰਗ ਮਨੁਖ ਮਾਤਰ ਨੂੰ ਅਧਿਆਤਮਿਕ ਰਾਹ ਤੇ ਤੋਰਨ ਲਈ ਇਕ ਯਤਨ ਹੈ।

ਸਾਡੇ ਗੁਰੂ ਸਾਹਿਬਾਨ ਨੇ ਵੀ ਕਈ ਤਰ੍ਹਾਂ ਦੀਆਂ ਸੇਵਾਵਾਂ ਕੀਤੀਆਂ। ਉਨ੍ਹਾਂ ਨੇ ਇਹ ਸੇਵਾਵਾਂ ਗੁਰ-ਅਸਥਾਨਾਂ ਵਿਖੇ ਭੀ ਨਿਭਾਈਆਂ ਅਤੇ ਬਾਹਰ ਵਿਚਰ ਕੇ ਵੀ ਕੀਤੀਆਂ। ਗੁਰੂ ਕੇ ਸਿਖ ਵੀ ਸਤਿਗੁਰਾਂ ਦੇ ਪੂਰਨਿਆਂ ਤੇ ਚਲਦੇ ਰਹੇ ਹਨ, ਜਿਹਾ ਕਿ ਭਾਈ ਮੰਝ, ਭਾਈ ਹੰਦਾਲ ਅਤੇ ਭਾਈ ਘਨੱਈਆ ਜੀ ਦੀਆਂ ਉਦਾਹਰਣਾਂ ਮਿਲਦੀਆਂ ਹਨ। ਅੱਜ ਕਲ੍ਹ ਵੀ ਕਈ ਸਿਖ ਸੰਸਥਾਵਾਂ ਸੇਵਾ ਦਾ ਇਹ ਕਾਰਜ ਨਿਭਾ ਰਹੀਆਂ ਹਨ, ਜਿਹਾ ਕਿ ਯਤੀਮਖ਼ਾਨੇ, ਵਿਧਵਾ-ਘਰ, ਨਿਆਸਰਿਆਂ ਤੇ ਅੰਗ-ਹੀਣਾਂ ਦੀਆਂ ਸੰਸਥਾਵਾਂ ਅਤੇ ਪਿੰਗਲਵਾੜਾ ਅੰਮ੍ਰਿਤਸਰ।

ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਆਪ ਨੂੰ ਪੁਛੀਏ ਕਿ "ਮੈਂ ਕਿਹੜੀ ਸੇਵਾ ਨਿਭਾ ਸਕਦਾ ਹਾਂ?" ਇਸ ਸੁਆਲ ਦਾ ਉਤਰ ਹਰੇਕ ਦੀ ਆਪੋ ਆਪਣੀ ਸਮਰੱਥਾ ਤੇ ਰੁਚੀ ਅਨੁਸਾਰ ਹੈ। ਹਰ ਕੋਈ ਆਪਣੀ ਰੁਚੀ ਅਨੁਸਾਰ ਹੀ ਕੋਈ ਸੇਵਾ ਅਪਣਾਅ ਸਕਦਾ ਹੈ। ਕੋਈ ਵੀ ਛੋਟੀ-ਵਡੀ ਸੇਵਾ, ਸਿੱਖੀ ਮਾਰਗ ਉਤੇ ਚਲਣ ਲਈ ਸਿਖ ਦਾ ਅਗਲੇਰਾ ਕਦਮ ਹੈ, ਬ-ਸ਼ਰਤੇ ਕਿ ਇਹ ਸੇਵਾ ਨਿਤਾਪ੍ਰਤਿ ਹੋਵੇ ਅਤੇ ਸੱਚੇ ਹਿਰਦਿਓਂ ਨਿਰ-ਇਛਤ ਹੋ ਕੇ ਕੀਤੀ ਜਾਵੇ।

["ਗੁਰਸਿੱਖੀ ਕੀ ਹੈ" ਪੁਸਤਕ ਵਿਚੋਂ]



'ਸੂਰਾ' ਅੰਮ੍ਰਿਤਸਰ, ਜੁਲਾਈ ੧੯੯੯

www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

## ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਮਾਇਆ ਪੁਜੀ ਹੈ–

| | | | |
|---|---|---|---|
| ਭਾਈ ਰਘਬੀਰ ਸਿੰਘ | ੮੩-੦੦ | ਸਾਧ ਸੰਗਤ ਨਾਰਥੈਂਪਟਨ ਯੂ ਕੇ | ੩੮੦੦-੦੦ |
| ਸ: ਅਵਤਾਰ ਸਿੰਘ ਅਟਵਾਲ, ਰੇਡਿੰਗ ਯੂ.ਕੇ. | ੧੧੦-੦੦ | ਸ: ਬਲਕਾਰ ਸਿੰਘ, ਨਿਊ ਹੰਸਲੋ ਯੂ ਕੇ | ੨੫੦੦-੦੦ |
| ਸ: ਅਤੇ ਸ੍ਰਦਾਰਨੀ ਮਨਜੀਤ ਕੌਰ, ਹੰਸਲੋ ਯੂ ਕੇ | ੩੬੦-੦੦ | ਸ: ਜਸਪਾਲ ਸਿੰਘ, ਸਾਊਥਾਲ ਯੂ ਕੇ | ੧੨੦-੦੦ |
| ਸ: ਸੋਹਣ ਸਿੰਘ, ਸਲੋਅ ਯੂ ਕੇ | ੨੬੫-੦੦ | ਸ: ਮਲਕੀਅਤ ਸਿੰਘ, ਸਲੋਅ ਯੂ ਕੇ | ੫੦੦-੦੦ |
| ਸ:ਮਨੋਹਰ ਸਿੰਘ,ਲਖਬੀਰਸਿੰਘ,ਹੈਮਬਰਗ ਵੈ: ਜਰਮਨੀ | ੭੫੦੦-੦੦ | ਸਾਧ ਸੰਗਤ ਸੈਂਟਰਲ ਗੁਰਦਵਾਰਾ ਲੰਡਨ | ੫੭੦੦-੦੦ |
| ਸਾਧ ਸੰਗਤ ਕੋਪਨਹੈਗਨ ਡਨਮਾਰਕ | ੩੧੫੪-੦੦ | ਸ: ਡੋਗਰ ਸਿੰਘ ਯੂ ਕੇ ,, | ੭੭੫-੦੦ |
| ਸ: ਜਸਬੀਰ ਸਿੰਘ, ਹੁਸ਼ਿਆਰਪੁਰ | ੩੧-੦੦ | ਸ: ਚਰਨਜੀਤ ਸਿੰਘ ਯੂ ਕੇ ,, | ੬੨੫-੦੦ |
| ਗੁਪਤ, ਲੁਧਿਆਣਾ | ੨੫੦-੦੦ | ਸ: ਮਹਿੰਦਰ ਸਿੰਘ ਬਾਸੀ ,, | ੭੫੦-੦੦ |
| JWO ਤੇਜਿੰਦਰ ਸਿੰਘ, ਮਦਰਾਸ | ੧੦੦-੦੦ | ਸ: ਮਖਣ ਸਿੰਘ ਯੂ ਕੇ ,, | ੧੨੫-੦੦ |
| ਸ: ਸਤਨਾਮ ਸਿੰਘ, ਜਰਮਨੀ | ੮੦੦੦-੦੦ | ਸ: ਚਰਨ ਸਿੰਘ ,, | ੧੨੫-੦੦ |
| Cpl ਕੁਲਦੀਪ ਸਿੰਘ, ਜਲਾਹਲੀ ਵੈਸਟ | ੧੦੦-੦੦ | ਬੀਬੀ ਸੁਰਿੰਦਰ ਕੌਰ ,, | ੭੫੦-੦੦ |
| ਸ: ਹਰਚੰਦ ਸਿੰਘ ਕੈਰੋਂ, ਵਿਸਾਖਾਪਟਨਮ (ਚੜ੍ਹਤ) | ੩੦੦-੦੦ | ਸ: ਜੋਗਾ ਸਿੰਘ ਯੂ ਕੇ ,, | ੪੦੦-੦੦ |
| ਲੈਂਕ ਨੈਂਸ ਮੋਹਨ ਸਿੰਘ, ੨੩ ਪੰਜਾਬ | ੭੫-੦੦ | ਸ: ਹਰਵਿੰਦਰ ਸਿੰਘ ਯੂ ਕੇ ,, | ੨੫੦-੦੦ |
| ਸ: ਗੁਰਬਚਨ ਸਿੰਘ, ਫਗਵਾੜਾ | ੫੧ ੦੦ | ਸ: ਅਮਰਜੀਤ ਸਿੰਘ ਯੂ ਕੇ ,, | ੬੨੫-੦੦ |
| ਗੁਪਤ ... ... ... | ੨੦੧-੦੦ | ਸ: ਬਲਬੀਰ ਸਿੰਘ ਯੂ ਕੇ ,, | ੨੫੦-੦੦ |
| ਸ: ਦਿਆਲ ਸਿੰਘ, ਸਾਊਥਾਲ ਯੂ ਕੇ | ੧੦੮੦-੦੦ | ਸ: ਸੁਰਜੀਤ ਸਿੰਘ ਯੂ ਕੇ ,, | ੧੨੫-੦੦ |
| ਸਰਦਾਰਨੀ ਮਨਜੀਤ ਕੌਰ, ਹੰਸਲੋ ਯੂ ਕੇ | ੨੪੦-੦੦ | ਸ: ਗੁਰਦੇਵ ਸਿੰਘ ਯੂ ਕੇ ,, | ੧੨੫-੦੦ |
| ਸ: ਸਰਬਜੀਤ ਸਿੰਘ ਕੰਵਲਜੀਤ ਸਿੰਘ, ਲੰਡਨ | ੨੪੦-੦੦ | ਸ: ਦਿਲਬਾਗ ਸਿੰਘ ਯੂ ਕੇ ,, | ੧੨੫-੦੦ |
| ਬੀਬੀ ਅਮਰਜੀਤ ਕੌਰ ਨਿਝਰ, ਸਲੋਅ, ਯੂ ਕੇ | ੧੩੭੦-੦੦ | ਸ: ਕੁਲਵੰਤ ਸਿੰਘ, ਨੋਟਿੰਘਮ ਯੂ ਕੇ | ੫੦੦-੦੦ |
| ਸ: ਬਲਵੰਤ ਸਿੰਘ, ਲੰਡਨ ਯੂ ਕੇ | ੪੦੦-੦੦ | ਸ: ਗੁਰਲਾਲ ਸਿੰਘ,ਬੁਲੰਦ ਸ਼ਹਿਰ(ਹੜ-ਪੀੜਤਾਂ ਲਈ) | ੧੨੫-੦੦ |
| ਸ: ਸੁਰਿੰਦਰ ਸਿੰਘ ਸਾਊਥਾਲ ਯੂ ਕੇ | ੪੩੦-੦੦ | ਸ: ਜੋਗਾ ਸਿੰਘ ਦੋਉਸੀ ਐਲਬਰਟਾ ਕੈਨੇਡਾ ( ,, ) | ੧੨੮੩-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ।: ਹਰਜੀਤ ਕੌਰ ਪਤਨੀ ਭਾ: ਪ੍ਰੀਤਮ ਸਿੰਘ, ਕੋਟ ਖਾਲਸਾ ਅੰਮ੍ਰਿਤਸਰ(ਪਤੀ ਪੁਲਸ ਹਿਰਾਸਤ ਵਿਚ, ਗੁਜ਼ਾਰਾ ਔਖਾ) | ੩੦੦੦-੦੦ |
| ; ਅਮਰਜੀਤ ਸਿੰਘ ਪੁਤਰ ਕਰਮ ਸਿੰਘ, ਹੇਠੀਆਂ ਅੰਮ੍ਰਿਤਸਰ (ਹੜ੍ਹਾਂ ਨਾਲ ਤਬਾਹ, ਮੁੜ ਵਸੇਬੇ ਤੇ ਖ਼ਰਚੇ ਲਈ) | ੮੦੦੦-੦੦ |
| ਬੀਬੀ ਕੁਲਜੀਤ ਕੌਰ ਪਤਨੀ ਸ: ਬਲਜੋਤ ਸਿੰਘ, ਦੂਲੋਵਾਲ (ਪਤੀ ਪੁਲਸ ਹਿਰਾਸਤ, ਪੈਰਵੀ ਅਤੇ ਘਰੋਗੀ ਲੋੜਾਂ) | ੫੦੦੦-੦੦ |
| ਬੀਬੀ ਭਜਨ ਕੌਰ ਪਤਨੀ ਸ: ਮੋਹਣ ਸਿੰਘ, ਚਚੋਵਾਲੀ ਜੈਂਤੀਪੁਰ (ਪੁਤਰ ਸ਼ਹੀਦ, ਘਰੋਗੀ ਲੋੜਾਂ) | ੫੦੦੦-੦੦ |
| ਬੀਬੀ ਸੁਰਿੰਦਰ ਕੌਰ ਪਤਨੀ ਸ: ਗਿਆਨ ਸਿੰਘ, ਰਿਖੀਆਂ ਬਟਾਲਾ (ਪਤੀ ਜੇਲ੍ਹ, ਘਰੋਗੀ ਲੋੜਾਂ) | ੫੦੦੦-੦੦ |
| ਬੀਬੀ ਕਸ਼ਮੀਰ ਕੌਰ ਪਤਨੀ ਸ: ਹਰਭਜਨ ਸਿੰਘ, ਦਾਹਲਾਂਵਾਲਾ (ਪਤੀ ਜੇਲ੍ਹ, ਗੁਜ਼ਾਰਾ ਮੁਸ਼ਕਲ) | ੫੦੦੦-੦੦ |
| ਬੀਬੀ ਦਲਬੀਰ ਕੌਰ ਪਤਨੀ ਸ: ਗੁਰਮੇਜ ਸਿੰਘ, ਦਾਹਲਾਵਾਲਾ (ਪਤੀ ਪੁਲਸ ਹਿਰਾਸਤ, ਬੱਚੇ ਛੋਟੇ, ਗੁਜ਼ਾਰਾ ਔਖਾ) | ੫੦੦੦-੦੦ |
| ।: ਸਵਰਨ ਕੌਰ,ਮਾਤਾ ਸ਼ਹੀਦ ਗੁਰਜੀਤ ਸਿੰਘ, ਜੀਵਨ ਨੰਗਲ, ਗੁਰਦਾਸਪੁਰ (ਪਤੀ ਬਿਰਧ, ਬਚੀ ਦੇ ਅਨੰਦ ਲਈ) | ੫੦੦੦-੦੦ |
| !: ਕੁਲਵੰਤ ਕੌਰ ਪਤਨੀ ਭਾ: ਅਮਰੀਕਸਿੰਘ, ਕਾਲਾ ਘਨੂੰਪੁਰ (ਪਤੀ ਪੁਲਸ ਹਿਰਾਸਤ, ਕੇਸ ਦੀ ਪੈਰਵੀ) | ੫੦੦੦-੦੦ |
| : ਸੁਰਿੰਦਰ ਕੌਰ ਪਤਨੀ ਭਾ: ਵਤਨ ਸਿੰਘ ਬਟਾਲਾ (ਪਤੀ ਫੜੇ ਜਾਣ ਕਰਕੇ ਨੌਕਰੀਓਂ ਖਾਰਜ, ਗੁਜ਼ਾਰਾ) | ੫੦੦੦-੦੦ |
| ।: ਸਵਿੰਦਰ ਕੌਰ ਪਤਨੀ ਭਾ: ਪਰਯੋਜਨ ਸਿੰਘ, ਬਟਾਲਾ (ਪਤੀ ਜੇਲ੍ਹ, ਗੁਜ਼ਾਰਾ ਮੁਸ਼ਕਲ) | ੫੦੦੦-੦੦ |
| ।: ਸਵਿੰਦਰ ਕੌਰ ਪਤਨੀ ਭਾ: ਬਖਸ਼ੀਸ਼ ਸਿੰਘ, ਵਡਾਲਾ (ਪਤੀ ਜੋਧਪੁਰ ਤੋਂ ਰਿਹਾ, ਘਰੋਗੀ ਲੋੜਾਂ ਲਈ) | ੫੦੦੦-੦੦ |
| . ਸਰਬਜੀਤ ਸਿੰਘ ਜ਼ਖਮੀ ਬੰਬ ਕਾਂਡ, ਕਟੜਾ ਜੈਮਲ ਸਿੰਘ (ਮਾਸਕ ਸਹਾਇਤਾ) | ੪੦੦-੦੦ |
| ਜੀ ਤੇ ਸ਼ਹੀਦੀ ਪਰਵਾਰਾਂ ਨੂੰ ਮਾਸਕ ਸਹਾਇਤਾ ਬੈਂਕ ਰਾਹੀਂ 2+6+5+2+1+8+8=32 | ੬੬੦੦-੦੦ |
| ਰਦਾਰਨੀ ਅਮਰ ਕੌਰ ਪਤਨੀ ਗੁਰਪੁਰਵਾਸੀ ਭਾਈ ਭਜਨ ਸਿੰਘ (ਮਦਰਾਸੀ ਪਰਵਾਰ) | ੫੦੦-੦੦ |

www.AKJ.Org

## ਨਾਰੰਗਵਾਲ (ਲੁਧਿਆਣਾ) ਵਿਖੇ ਭਾਈ ਸਾਹਿਬ ਦਾ ੧੧੧ਵਾਂ ਜਨਮ-ਦਿਵਸ ਸਾਲਾਨਾ ਸਮਾਗਮ

### ੬ ਜੁਲਾਈ ਵੀਰਵਾਰ ਸਵੇਰ ਤੋਂ ੯ ਜੁਲਾਈ ੧੯੮੯ ਐਤਵਾਰ ਸਵੇਰ ਤਕ

ਪੰਥ-ਰਤਨ, ਮਹਾਨ ਦੇਸ਼-ਭਗਤ, ਗੁਰਮਤਿ ਗੂੜ੍ਹ ਰਮਜ਼ਾਂ ਦੇ ਸੋਝੀਵਾਨ ਤੇ ਵਿਆਖਿਆਕਾਰ, ਅਖੰਡ ਕੀਰਤਨ ਦੇ ਧਨੀ ਭਾ: ਸਾ: ਭਾਈ ਰਣਧੀਰ ਸਿੰਘ ਜੀ ਦਾ ੧੧੧ਵਾਂ ਜਨਮ-ਦਿਵਸ ਸਮਾਗਮ, ਉਨ੍ਹਾਂ ਦੇ ਜਨਮ-ਅਸਥਾਨ ਨਾਰੰਗਵਾਲ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ। ਸਾਰੇ ਪ੍ਰੋਗਰਾਮ ਗੁਰਦੁਆਰਾ ਅਕਾਲੀ ਵਾਲਾ ਵਿਖੇ ਹੋਣਗੇ।

੬ ਜੁਲਾਈ ਸਵੇਰੇ ੪ ਤੋਂ ੭ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡਪਾਠ ਅਰੰਭ, ਸ਼ਾਮ ੭ ਤੋਂ ੮-੩੦ ਸੋਦਰ ਤੇ ਅਖੰਡ ਕੀਰਤਨ, ੭ ਜੁਲਾਈ ਸਵੇਰੇ ੫ ਤੋਂ ੯ ਕੀਰਤਨ ਆਸਾ ਦੀ ਵਾਰ, ਸ਼ਾਮ ੭ ਤੋਂ ੮-੩੦ ਸੋਦਰ ਤੇ ਅਖੰਡ ਕੀਰਤਨ, ੮ ਜੁਲਾਈ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਕੀਰਤਨ ੧੨ ਵਜੇ ਤਕ, ਰਾਤ ੮ ਵਜੇ ਅਰੰਭ ਰੈਣ ਸਬਾਈ ਕੀਰਤਨ, ੯ ਜੁਲਾਈ ਸਵੇਰੇ ੫ ਵਜੇ ਸਮਾਪਤੀ।—ਅੰਮ੍ਰਿਤ ਸਿੰਚਾਰ ੮ ਜੁਲਾਈ ਸ਼ਾਮ ਨੂੰ ਅਰੰਭ।

ਪ੍ਰਾਰਥਕ—ਸੰਗਤ ਨਾਰੰਗਵਾਲ ਤੇ ਅਖੰਡ ਕੀਰਤਨੀ ਜਥਾ ਨਾਰੰਗਵਾਲ

## ਅੰਬਾਲਾ ਛਾਉਣੀ ਵਿਖੇ ਸਾਲਾਨਾ ਕੀਰਤਨ ਪ੍ਰੋਗਰਾਮ

ਹੇਠ ਲਿਖੇ ਅਨੁਸਾਰ ਗੁਰਦੁਆਰਾ ਗੋਬਿੰਦ ਨਗਰ, ਅੰਬਾਲਾ ਛਾਉਣੀ ਵਿਖੇ ਸਮਾਗਮ ਹੋ ਰਹੇ ਹਨ—

੧੨ ਅਗਸਤ ਸਵੇਰੇ ੫ ਤੋਂ ਦੁਪਹਿਰ ੧੨ ਵਜੇ ਤਕ ਅਖੰਡ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ੧੩ ਅਗਸਤ ਸਵੇਰੇ ਸਮਾਪਤੀ। ਅੰਮ੍ਰਿਤ ਸਿੰਚਾਰ ੧੨ ਅਗਸਤ ਸ਼ਾਮ ਨੂੰ। ਦਾਸਰੇ—ਅਖੰਡ ਕੀਰਤਨ ਜਥਾ ਅੰਬਾਲਾ

## ਪਿੰਡ ਧਾਂਦਰਾ (ਲੁਧਿਆਣਾ) ਗੁਰਦੁਆਰਾ ਮਹਾਂਬਾਨ ਵਿਖੇ ਰੈਣ ਸਬਾਈ ਕੀਰਤਨ

ਭਾਈ ਹਰਿੰਦਰਪਾਲ ਸਿੰਘ ਜੀ ਸੂਚਨਾ ਦੇਂਦੇ ਹਨ ਕਿ ੧੫ ਜੁਲਾਈ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ।

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

22-7-89 ਸ਼ਨੀਵਾਰ ਰਾਤ ਰੈਣ ਸਬਾਈ ਕੀਰਤਨ ਗੁਰੂ ਨਾਨਕ ਗੁਰਦਵਾਰਾ, 67-ਵਾਲਸਾਲ ਰੋਡ, ਮਿਡਲੈਂਡ ਵਿਖੇ ਗੁਰਦਵਾਰਾ ਫੋਨ : 0926-605286, ਵਧੇਰੇ ਵਾਕਫ਼ੀ ਲਈ ਜਥੇਦਾਰ ਭਾ: ਦੀਦਾਰ ਸਿੰਘ 0484-545165

ਲੋਕਲ ਪ੍ਰੋਗਰਾਮ—21 ਤੋਂ 23 ਜੁਲਾਈ ਸ੍ਰੀ ਅਖੰਡਪਾਠ ਬੀਬੀ ਸੁਰਿੰਦਰ ਕੌਰ, 41 Blyth Rd., Hayes, Middx

ਫੋਨ : 01-733-6066

ਲੋਕਲ ਪ੍ਰੋਗਰਾਮ—11 ਤੋਂ 13 ਅਗਸਤ ਸ੍ਰੀ ਅਖੰਡਪਾਠ ਭਾਈ ਸੋਹਨ ਸਿੰਘ, 218—ਵੈਕਸਹੈਮ ਰੋਡ, ਸਲੋਅ

ਫੋਨ : 0753-30624 ਜਾਂ 0753-76246

ਲੋਕਲ ਪ੍ਰੋਗਰਾਮ—18 ਤੋਂ 20 ਅਗਸਤ ਸ੍ਰੀ ਅਖੰਡਪਾਠ ਭਾਈ ਜਸਵੰਤ ਸਿੰਘ ਭੱਟੀ, 107-ਅਡਿੰਗਟਨ ਰੋਡ, ਈਅਰਲੀ ਰੋਡ, ਰੀਡਿੰਗ, ਫ਼ੋਨ : 0734-662667

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਮਤਿ ਲੇਖ | ੧੨-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਮਤਿ ਵਿਚਾਰ | ੧੪-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਅੰਮ੍ਰਿਤ ਕੀ ਹੈ ? | ੨-੫੦ |
| ਜੇਲ੍ਹ ਚਿੱਠੀਆਂ | ੩੦-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਗੁਰਮਤਿ ਬਿਬੇਕ | ੭-੫੦ | ਝਟਕਾ ਮਾਸ ਪ੍ਰਥਾਇ ਤੱਤਗੁਰਮਤਿਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੫੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਆਸਤਕ ਤੇ ਨਾਸਤਕ | ੦-੩੫ | ਤਿਮਰ ਅਗਿਆਨ ਤੋਂ ਅੰਧੇਰਾ | ੦-੩੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦-੮੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |

ਪਤਾ—ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ

## 'ਸੂਰਾ' ਮਾਸਕ ਪੱਤਰ ਦਾ ਨਵਾਂ ਪਤਾ

'ਸੂਰਾ' ਮੰਥਲੀ, ੩੯੦-ਦਸਮੇਸ਼ ਕਲਾਥ ਮਾਰਕੀਟ; ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org